ਅਧਿਆਇ 7

ਯਿਸੂ ਦਾ ਹੋਰ ਵਿਰੋਧ

ਯਿਸੂ ਦੀ ਮਸ਼ਹੂਰੀ ਹੁਣ ਐਨੀ ਵਧ ਗਈ ਸੀ ਕਿ ਮਜ਼ਬੂਤ ਪੱਖਪਾਤੀ ਝੁਕਾਅ ਰੱਖਣ ਵਾਲੇ ਇਕ ਧਰਮਸ਼ਾਸਤਰੀ ਵਫ਼ਦ ਨੂੰ ਗਲੀਲ ਵਿਚ ਉਹਦਾ ਵਿਰੋਧ ਕਰਨ ਲਈ ਘੱਲਿਆ ਗਿਆ। ਯਰੂਸ਼ਲਮ ਯਹੂਦੀਆਂ ਦੇ ਰੂੜੀਵਾਦ ਦਾ ਕੇਂਦਰ ਸੀ ਅਤੇ ਸਾਫ਼ ਹੈ ਕਿ ਉੱਥੋਂ ਦੀ ਆਗੂਆਂ ਦਾ ਮੰਨਣਾ ਸੀ ਕਿ ਗਲੀਲ ਦੇ ਰੱਬੀ ਯਿਸੂ ਦੀਆਂ ਸਿੱਖਿਆਵਾਂ ਦੀ ਮੁਸ਼ਕਿਲ ਨਾਲ ਸਹੀ ਤਰੀਕੇ ਨਾਲ ਨਹੀਂ ਨਜਿੱਠ ਸਕਦੇ।

ਯਿਸੂ ਦੇ ਆਲੇ ਦੁਆਲੇ ਦੇ "ਮਾਹਿਰ" (7:1-4)

[1]ਫ਼ਰੀਸੀ ਅਰ ਕਈ ਗ੍ਰੰਥੀ ਯਰੂਸ਼ਲਮ ਤੋਂ ਆ ਕੇ ਉਹਦੇ ਕੋਲ ਇਕੱਠੇ ਹੋਏ [2]ਅਤੇ ਉਨ੍ਹਾਂ ਨੇ ਉਹਦੇ ਕਿੰਨਿਆਂ ਚੇਲਿਆਂ ਨੂੰ ਅਸ਼ੁੱਧ ਅਰਥਾਤ ਅਣਧੋਤੇ ਹੱਥਾਂ ਨਾਲ ਰੋਟੀ ਖਾਂਦੇ ਵੇਖਿਆ ਸੀ [3](ਕਿਉਂ ਜੋ ਫ਼ਰੀਸੀ ਅਤੇ ਸਾਰੇ ਯਹੂਦੀ ਵੱਡਿਆਂ ਦੀ ਰੀਤ ਨੂੰ ਮੰਨ ਕੇ ਜਦ ਤੀਕਰ ਹੱਥਾਂ ਨੂੰ ਮਲ ਮਲ ਕੇ ਨਾ ਧੋ ਲੈਣ ਖਾਂਦੇ ਨਹੀਂ [4]ਅਤੇ ਬਜ਼ਾਰੋਂ ਆਣ ਕੇ ਨਹੀਂ ਖਾਂਦੇ ਜਿੰਨਾਂ ਚਿਰ ਨ੍ਹਾ ਨਾ ਲੈਣ ਅਤੇ ਹੋਰ ਬਥੇਰੀਆਂ ਗੱਲਾਂ ਹਨ ਜਿਹੜੀਆਂ ਉਨ੍ਹਾਂ ਨੇ ਮੰਨਣ ਲਈ ਕਬੂਲ ਕੀਤੀਆਂ ਹਨ ਜਿਵੇਂ ਕਟੋਰਿਆਂ ਅਰ ਗੜਵਿਆਂ ਅਰ ਪਿੱਤਲ ਦੇ ਭਾਂਡਿਆਂ ਦਾ ਧੋਣਾ)।

ਆਇਤਾਂ 1, 2. ਜਿਸ ਤਰੀਕੇ ਨਾਲ ਮੱਤੀ ਨੇ ਉਸ ਦਲ ਦੀ ਪਛਾਣ ਕਰਵਾਈ ਹੈ, ਜਿਹੜਾ ਯਿਸੂ ਦਾ ਵਿਰੋਧ ਕਰਨ ਲਈ ਆਇਆ ਸੀ, ਉਸ ਤੋਂ ਪਤਾ ਲਗਦਾ ਹੈ ਕਿ ਉਸ ਦਾ ਬਹੁਤਾ ਵਿਰੋਧ **ਯਰੂਸ਼ਲਮ** ਵਿੱਚੋਂ ਹੀ ਸੀ (ਮੱਤੀ 15:1)। **ਫ਼ਰੀਸੀ ਅਰ ਕਈ ਗ੍ਰੰਥੀ** ਇਸ ਵਿਰੋਧ ਵਿਚ ਬਹੁਤੇ ਸਰਗਰਮ ਸਨ। ਉਨ੍ਹਾਂ ਵਿੱਚੋਂ ਕਈਆਂ ਨੂੰ ਯਿਸੂ ਵਿਚ ਮਸੀਹਾ ਦੇ ਵਿਖੇ ਪੁਰਾਣੇ ਨੇਮ ਦੀਆਂ ਨਬੂਵਤਾਂ ਦੇ ਪੂਰਾ ਹੋਣ ਦੀ ਗੱਲ ਸਮਝ ਆ ਗਈ ਹੋਵੇਗੀ। ਜੇ ਇਹ ਗੱਲ ਹੈ ਤਾਂ ਫ਼ਰੀਸੀਆਂ ਨੇ ਚੰਗੀ ਤਰ੍ਹਾਂ ਨਾਲ ਸਿਖਾਏ ਗਏ ਗ੍ਰੰਥੀਆਂ ਨੂੰ ਤਦੇ ਆਪਣੇ ਵਕੀਲ ਚੁਣਿਆ ਹੋਵੇਗਾ।[1] ਉਨ੍ਹਾਂ ਦਾ ਮੰਨਣਾ ਸੀ ਕਿ ਉਹ ਗਲੀਲ ਦੇ ਇਸ ਅਨਪੜ੍ਹ ਪ੍ਰਚਾਰਕ ਨੂੰ ਕਰਾਰਾ ਜਵਾਬ ਦੇ ਸਕਦੇ ਸਨ।

ਜਿਵੇਂ ਕਿ 3:22 ਦੀ ਸੰਖੇਪ ਟਿੱਪਣੀ ਤੋਂ ਪਤਾ ਲਗਦਾ ਹੈ, ਗ੍ਰੰਥੀਆਂ ਨੇ ਪਹਿਲਾਂ ਛਾਣ-ਬੀਣ ਕੀਤੀ ਸੀ। ਉਦੋਂ ਉਨ੍ਹਾਂ ਨੇ ਯਿਸੂ ਉੱਤੇ ਬਆਲਜ਼ਬੂਲ ਦੀ ਮਦਦ ਨਾਲ ਭੂਤਾਂ ਨੂੰ ਕੱਢਣ ਦਾ ਇਲਜ਼ਾਮ ਲਾਇਆ ਸੀ; ਪਰ ਉਸ ਇਲਜ਼ਾਮ ਨਾਲ ਫ਼ਰੀਸੀਆਂ ਜਾਂ ਕਿਸੇ ਹੋਰ ਨੂੰ ਯਕੀਨ ਨਹੀਂ ਦੁਆਇਆ ਜਾ ਸਕਿਆ। ਯਹੂਦੀ ਆਗੂ ਕਿਸੇ ਅਜਿਹੇ ਵਿਵਾਦ ਦੀ ਤਲਾਸ਼ ਵਿਚ ਸਨ ਜਿਸ ਨਾਲ ਉਹ ਯਿਸੂ ਨੂੰ ਦੋਸ਼ੀ ਠਹਿਰਾ ਸਕਣ, ਅਤੇ ਉਨ੍ਹਾਂ ਨੂੰ ਰਸਮੀ ਹੱਥ ਧੋਣ ਅਤੇ ਰਸਮੀ ਸੁੱਧਤਾ ਦੀਆਂ ਹੋਰ ਗੱਲਾਂ ਲਈ ਆਪਣੀਆਂ ਰਵਾਇਤਾਂ ਦੇ ਮਾਮਲੇ ਵਿਚ ਉਹ ਮੁੱਦਾ ਮਿਲ ਗਿਆ। 2:23-28 ਵਿਚ ਸੱਬਤ ਦੇ ਵਿਸ਼ੇ ਦੀ ਅਲੋਚਨਾ ਵੀ ਇਨ੍ਹਾਂ ਹੀ ਲੋਕਾਂ ਵੱਲੋਂ ਹੋਈ ਹੋਵੇਗੀ। ਅਜਿਹਾ ਹੀ ਇਕ ਵਫ਼ਦ ਯੂਹੰਨਾ ਬਪਤਿਸਮਾ ਦੇਣ ਵਾਲੇ ਕੋਲ ਉਹਦੇ ਇਖ਼ਤਿਆਰ ਬਾਰੇ ਪੁੱਛਣ ਲਈ ਗਿਆ ਸੀ (ਯੂਹੰਨਾ 1:19, 25)।

ਬਾਈਬਲ ਦੱਸਦੀ ਹੈ ਕਿ ''ਫ਼ਰੀਸੀਆਂ ਅਤੇ ਕੁਝ ਗ੍ਰੰਥੀਆਂ'' ਨੇ **ਉਹਦੇ ਕਿੰਨਿਆਂ ਚੇਲਿਆਂ ਨੂੰ ਅਸ਼ੁੱਧ ਅਰਥਾਤ ਅਣਧੋਤੇ ਹੱਥਾਂ ਨਾਲ ਰੋਟੀ ਖਾਂਦੇ ਵੇਖਿਆ ਸੀ।** ਇਸ ਮੌਕੇ ਤੇ ਅਲੋਚਨਾ ਸਾਫ਼-ਸਫ਼ਾਈ

ਦੀ ਯਥਾਰਥ ਚਿੰਤਾ ਦੀ ਨਹੀਂ ਬਲਕਿ ਜ਼ਬਾਨੀ ਰੀਤ ਨੂੰ ਮੰਨਣ ਦੀ ਸੀ। ਉਨ੍ਹਾਂ ਦਾ ਮੰਨਣਾ ਸੀ ਕਿ ਜੇ ਕੋਈ ਪਾਪੀ ਉਨ੍ਹਾਂ ਨੂੰ ਛੂਹ ਲਵੇ ਤਾਂ ਉਸ ਨਾਲ ਉਹ ਰਸਮੀ ਤੌਰ ਤੇ ਉਦੋਂ ਤਕ ਅਸ਼ੁੱਧ ਰਹਿੰਦੇ ਸਨ (ਜਾਂ ਉਨ੍ਹਾਂ ਦੇ ''ਹੱਥ ਗੰਦੇ'' ਹੋ ਜਾਂਦੇ ਸਨ) ਜਦੋਂ ਤਕ ਉਹ ਸ਼ੁੱਧ ਕੀਤੇ ਜਾਣ ਵਾਲੀਆਂ ਰਸਮਾਂ ਨੂੰ ਪੂਰਿਆਂ ਨਹੀਂ ਕਰ ਲੈਂਦੇ। ਉਨ੍ਹਾਂ ਰਸਮਾਂ ਵਿਚ ਦੋਵੇਂ ਹੱਥਾਂ ਨੂੰ ਮਲਣਾ ਅਤੇ ਉਨ੍ਹਾਂ ਨੂੰ ਪਾਣੀ ਵਿਚ ਡੁਬੋਣਾ ਸ਼ਾਮਿਲ ਸੀ।

ਰਸਮੀ ਸ਼ੁੱਧਤਾ ਨੂੰ ਬਣਾਈ ਰੱਖਣ ਲਈ, ਯਹੂਦੀਆਂ ਲਈ ਖਾਣ ਤੋਂ ਪਹਿਲਾਂ ਨ੍ਹਾਉਣਾ ਜ਼ਰੂਰੀ ਸੀ (7:2, 5)। ਉਨ੍ਹਾਂ ਨੂੰ ਕਿਟਾਣੂਆਂ ਦੀ ਪਰਵਾਹ ਨਹੀਂ ਸੀ ਕਿਉਂ ਜੋ ਕਿਟਾਣੂਆਂ ਦੀ ਉਨ੍ਹਾਂ ਨੂੰ ਕੋਈ ਜਾਣਕਾਰੀ ਹੀ ਨਹੀਂ ਸੀ।[2] ਉਨ੍ਹਾਂ ਨੂੰ ਸਿਰਫ਼ ਐਨਾ ਪਤਾ ਸੀ ਕਿ ਪੁਰਾਣੇ ਨੇਮ ਵਿਚ ਸ਼ੁੱਧ ਕਰਨ ਦੀਆਂ ਕੁਝ ਰਸਮਾਂ ਹਨ ਅਤੇ ਉਨ੍ਹਾਂ ਨੇ ਨ੍ਹਾਉਣ ਧੋਣ ਦੀਆਂ ਰੋਜ਼ਮੱਰਾ ਦੀਆਂ ਕੁਝ ਰੀਤਾਂ ਬਣਾ ਲਈਆਂ ਸਨ।[3] ਉਨ੍ਹਾਂ ਨੇ ਸ਼ੁੱਧ ਕਰਨ ਦੀਆਂ ਇਹੋ ਜਿਹੀਆਂ ਰੀਤਾਂ ਕੱਢ ਲਈਆਂ ਸਨ ਜਿਨ੍ਹਾਂ ਦਾ ਹੁਕਮ ਸ਼ਰ੍ਹਾ ਵਿਚ ਕਿਤੇ ਨਹੀਂ ਦਿੱਤਾ ਗਿਆ।

ਲੋਕਾਂ ਉੱਤੇ ਭਾਰ ਪਾਉਣ ਵਾਲੇ ਇਕੱਲੇ ਫ਼ਰੀਸੀ ਹੀ ਨਹੀਂ ਸਨ। ਰੋਨਲਡ ਜੇ. ਕਰਨਾਘਨ ਨੇ ਇਸ ਨੂੰ ਇਵੇਂ ਆਖਿਆ ਹੈ: ''ਕਈ ਮਾਮਲਿਆਂ ਵਿਚ ਯਿਸੂ ਨੇ ਜਿਸ ਨੂੰ ਵੱਡਿਆਂ ਦੀਆਂ ਰੀਤਾਂ ਆਖਿਆ, ਉਹ ਉਨ੍ਹਾਂ ਹੁਕਮਾਂ ਦੀਆਂ ਵਿਆਖਿਆਵਾਂ ਸਨ ਜਿਹੜੇ ਗ੍ਰੰਥੀਆਂ ਨੇ ਕਿਸੇ ਹੁਕਮ ਨੂੰ ਅਣਜਾਣੇ ਵਿਚ ਤੋੜਨ ਤੋਂ ਲੋਕਾਂ ਨੂੰ ਰੋਕਣ ਲਈ ਬਣਾਏ ਸਨ।''[4] ਇਸ ਕਰਕੇ ਯਹੂਦੀਆਂ ਦਾ ਆਮ ਤੌਰ ਤੇ ਮੰਨਣਾ ਸੀ ਕਿ ਜ਼ਬਾਨੀ ਰੀਤਾਂ ਨੂੰ ਮੰਨਣ ਨਾਲ ਉਹ ਸ਼ਰ੍ਹਾ ਦੇ ਨਿਯਮਾਂ ਨੂੰ ਤੋੜਨ ਤੋਂ ਬਚ ਜਾਂਦੇ ਹਨ।

ਪੁਰਾਣੇ ਨੇਮ ਦੇ ਯਾਜਕਾਂ ਲਈ ਤੰਬੂ ਵਿਚ ਕੰਮ ਕਰਨ ਅਤੇ ਪੈਰ ਧਰਣ ਤੋਂ ਪਹਿਲਾਂ ਹੱਥ ਪੈਰ ਧੋਣਾ ਜ਼ਰੂਰੀ ਸੀ (ਕੂਚ 30:17–21)। ਇਹ ਧੋਣਾ ਸ਼ਾਇਦ ਸਰੀਰਕ ਸਾਫ਼–ਸਫ਼ਾਈ ਵਾਸਤੇ ਸੀ ਜਿਸ ਤੋਂ ਰੂਹਾਨੀ ਸ਼ੁੱਧਤਾ ਦਾ ਵੀ ਪਤਾ ਲਗਦਾ ਹੈ। ਫਿਰ ਵੀ ਆਮ ਲੋਕਾਂ ਲਈ ਇਸ ਦਾ ਹੁਕਮ ਨਹੀਂ ਸੀ। ਫ਼ਰੀਸੀਆਂ ਦਾ ਮੰਨਣਾ ਹੋਵੇਗਾ ਕਿ ਯਾਜਕਾਂ ਲਈ ਇਹ ਹੱਥ ਧੋਣਾ ਜ਼ਰੂਰੀ ਹੈ ਤਾਂ ਜੋ ਆਮ ਲੋਕਾਂ ਨੂੰ ਲੱਗੇ ਕਿ ਉਹ ਬਹੁਤੇ ਧਾਰਮਿਕ ਹਨ।

ਆਇਤਾਂ 3, 4. ਫ਼ਰੀਸੀ ਆਮ ਲੋਕਾਂ ਨੂੰ ਪਾਪੀਆਂ ਦੇ ਤੌਰ ਤੇ ਵੇਖਦੇ ਹਨ। ਰਸਮੀ ਤੌਰ ਤੇ ਧੋਣ ਦੀਆਂ ਗੱਲਾਂ ਨਾਲ ਇਹ ਵਿਚਾਰ ਫੈਲ ਗਿਆ ਕਿ ਉਨ੍ਹਾਂ ਦੀ ਭਗਤੀ ਅਗਿਆਨੀ ਲੋਕਾਂ ਦੀ ਭਗਤੀ ਨਾਲੋਂ ਵਧ ਕੇ ਹੈ। **ਸਾਰੇ ਯਹੂਦੀ ਵੱਡਿਆਂ ਦੀ ਰੀਤ ਨੂੰ ਮੰਨ ਕੇ ਹੱਥਾਂ ਨੂੰ ਮਲ ਮਲ ਕੇ** ਧੋਂਦੇ ਸਨ।[5] ਇਸ ਗੱਲ ਨੇ ਯਿਸੂ ਦੇ ਚੇਲਿਆਂ ਨੂੰ ਫ਼ਰੀਸੀਆਂ ਦੀ ਨਜ਼ਰ ਵਿਚ ਬਿਲੁਕਲ ਅੱਡ ਅਤੇ ਖ਼ਤਰਨਾਕ ਪਾਪੀ ਠਹਿਰਾ ਦਿੱਤਾ।

''ਸਾਰੇ'' (πᾶς, *ਪਸ*) ਦਾ ਅਰਥ ''ਆਮ ਲੋਕ'' ਹੋ ਸਕਦਾ ਹੈ ਅਤੇ ਨਵੇਂ ਨੇਮ ਵਿਚ ਆਮ ਤੌਰ ਤੇ ਇਸ ਦਾ ਅਰਥ ਵੱਡੀ ਗਿਣਤੀ ਹੈ। ਮਰਕੁਸ 1:5 ਕਹਿੰਦਾ ਹੈ ਕਿ ''ਸਾਰੇ'' ਲੋਕਾਂ ਨੇ ਯੂਹੰਨਾ ਤੋਂ ਬਪਤਿਸਮਾ ਲਿਆ, ਜਦਕਿ ਲੂਕਾ 7:29, 30 ਸਾਫ਼ ਕਰਦਾ ਹੈ ਕਿ ਫ਼ਰੀਸੀਆਂ ਨੇ ਯੂਹੰਨਾ ਦੇ ਬਪਤਿਸਮੇ ਨੂੰ ਨਕਾਰ ਦਿੱਤਾ ਸੀ।

''ਫ਼ਰੀਸੀ ਅਤੇ ਸਭ ਯਹੂਦੀ **ਬਜ਼ਾਰੋਂ ਆਣ ਕੇ ਨਹੀਂ ਖਾਂਦੇ ਜਿੰਨਾਂ ਚਿਰ ਨ੍ਹਾ ਨਾ ਲੈਣ ਅਤੇ ਹੋਰ ਬਥੇਰੀਆਂ ਗੱਲਾਂ ਹਨ ਜਿਹੜੀਆਂ ਉਨ੍ਹਾਂ ਨੇ ਮੰਨਣ ਲਈ ਕਬੂਲ ਕੀਤੀਆਂ ਹਨ ਜਿਵੇਂ ਕਟੋਰਿਆਂ ਅਰ ਗੜਵਿਆਂ ਅਰ ਪਿਤੱਲ ਦੇ ਭਾਂਡਿਆਂ ਦਾ ਧੋਣਾ।** ''ਧੋਣਾ'' ਦਾ ਅਨੁਵਾਦ βαπτίζω (*ਬੈਪਟਿਜ਼ੋ*) ਤੋਂ ਕੀਤਾ ਗਿਆ ਹੈ ਜਿਸਦਾ ਅਰਥ ਹਮੇਸ਼ਾ ਡੁਬੋਣਾ, ਡੁਬਕੀ ਜਾਂ ਗੋਤਾ ਦੇਣਾ ਹੁੰਦਾ ਹੈ। ਇਹੀ ਸ਼ਬਦ ਉਸ ''ਧੋਣ'' ਲਈ ਵਰਤਿਆ ਜਾਂਦਾ ਸੀ ਜਿਹੜਾ ਕਿਸੇ ਦੀ ਮੁਕਤੀ ਲਈ ਪ੍ਰਭੂ ਦਾ ਨਾਮ ਪੁਕਾਰਣ ਵੇਲੇ ਦਿੱਤੀ ਜਾਣ ਵਾਲੀ ਡੁਬਕੀ ਵਿਚ ਹੁੰਦਾ ਸੀ, ਜਿਵੇਂ ਕਰਤੱਬ 22:16 ਵਿਚ। ਪਰ ਕੁਝ ਲੋਕ ਦਲੀਲ ਦਿੰਦੇ ਹਨ ਕਿ (*baptismos*, ''ਬਪਤਿਸਮਾ'') ਸ਼ਬਦ ਦੇ ਮੇਲ ਖਾਂਦੇ ਰੂਪ ਦਾ ਅਰਥ ''ਧੋਣਾ'' ਦੇ

ਨਾਲ–ਨਾਲ ''ਛਿੜਕਣਾ ਜਾਂ ਤਰੌਂਕਣਾ'' ਹੋ ਸਕਦਾ ਹੈ, ਕਿਉਂ ਜੋ ਮੇਜ਼ਾਂ ਅਤੇ ਸੋਫ਼ਿਆਂ ਨੂੰ ਡੁਬਕੀ ਨਹੀਂ ਦਿੱਤੀ ਜਾਂਦੀ ਹੋਵੇਗੀ। KJV ਵਿਚ ਉਨ੍ਹਾਂ ਚੀਜ਼ਾਂ ਨੂੰ ਜਿਨ੍ਹਾਂ ਵਿਚ ਧੋਣਾ ਜ਼ਰੂਰੀ ਸੀ ''ਮੇਜ਼'' ਅਤੇ ESV ਵਿਚ ''ਖਾਣੇ ਦੀ ਮੇਜ਼'' ਜੋੜਿਆ ਗਿਆ ਹੈ।[6] ਦੋਹਾਂ ਵਿਚ ਵਾਧੂ ਵਾਕ ਅੰਸ਼ ਸਭ ਤੋਂ ਵਧੀਆ ਜਾਂ ਸਭ ਤੋਂ ਪੁਰਾਣੀਆਂ ਹੱਥਲਿਖਤਾਂ ਤੇ ਅਧਾਰਿਤ ਨਹੀਂ ਹੈ; ਇਸੇ ਕਰਕੇ NASB, NIV, NRSV, ਜਾਂ ASV ਵਿਚ ਅਜਿਹੇ ਵਾਕ ਅੰਸ਼ ਨਹੀਂ ਮਿਲਦੇ। ਐੱਲ. ਏ. ਸਟਾਫ਼ਰ ਨੇ ਭਾਵੇਂ ਆਪਣੇ ਟੀਕਾ ਲਈ KJV ਦੀ ਵਰਤੋਂ ਕੀਤੀ, ਪਰ ਉਸ ਨੇ ਆਖਿਆ, ''*ਬੈਪਟਿਸਮੋਸ* ਦਾ ਅਰਥ 'ਛਿੜਕਾਅ' ਕਰਨ ਦੀ ਨਵੇਂ ਸਿਰਿਉਂ ਪਰਿਭਾਸ਼ਾ ... ਬੇਲੋੜੀ, ਕਮਜ਼ੋਰ ਅਤੇ ਪੱਖਪਾਤੀ ਹੈ।''[7]

7:3, 4 ਵਿਚ ਇਹ ਵਿਆਖਿਆ ਇਸ ਗੱਲ ਦਾ ਸਬੂਤ ਹੈ ਕਿ ਮਰਕੁਸ ਨੇ ਗੈਰਕੌਮ ਪਾਠਕਾਂ ਲਈ ਲਿਖਿਆ। ਯਹੂਦੀ ਪਾਠਕਾਂ ਨੂੰ ਪਹਿਲਾਂ ਤੋਂ ਇਨ੍ਹਾਂ ਰਸਮਾਂ ਦਾ ਪਤਾ ਸੀ।[8] ਹੱਥ ਧੋਣ ਦੇ ਮੁੱਦੇ ਤੋਂ ਫ਼ਰੀਸੀਆਂ ਅਤੇ ਯਿਸੂ ਵਿਚਕਾਰ ਦੇ ਵੱਡੇ ਝਗੜੇ ਦਾ ਪਤਾ ਲੱਗਿਆ ਜੋ ਇਹ ਤੈਅ ਕਰਨ ਵਿਚ ਅਹਿਮ ਹੋਣਾ ਸੀ ਕਿ ਇਖ਼ਤਿਆਰ ਕਿਹਦੇ ਕੋਲ ਹੈ।

ਇਹ ਫ਼ਰੀਸੀ ਕੌਣ ਸਨ? ਯਹੂਦੀ ਮਤ ਦੇ ਇਸ ਫ਼ਿਰਕੇ ਦੇ ਲੋਕ ਪਹਿਲਾਂ ਜੌਨ ਹੇਰਕੇਨਸ ਦੀ ਹਕਮੂਤ (135 ਈ.ਪੂ.) ਵਿਚ ਨਜ਼ਰ ਆਏ, ਜਦੋਂ ਉਨ੍ਹਾਂ ਨੂੰ *ਕੇਸੀਡੀਮ* ਦੇ ਨਾਂਅ ਨਾਲ ਵੀ ਜਾਣਿਆ ਜਾਂਦਾ ਸੀ, ਜਿਸਦਾ ਅਰਥ ਹੈ ''ਖ਼ੁਦਾ ਦੇ ਪਿਆਰੇ'' ਜਾਂ ''ਖ਼ੁਦਾ ਦੇ ਵਫ਼ਾਦਾਰ।'' ''ਫ਼ਰੀਸੀ'' (Φαρισαîος, *ਫੇਰੀਸਇਓਸ*) ਦੇ ਨਾਂਅ ਦਾ ਅਰਥ ਹੈ ''ਅੱਡ ਕੀਤੇ ਹੋਏ'' ਜਾਂ ''ਵੱਖਵਾਦੀ।''[9]

ਯਹੂਦੀਆਂ ਦਾ ਦਾਅਵਾ ਸੀ ਕਿ ਦੋ ਸ਼ਰ੍ਹਾ ਹਨ, ਜਿਨ੍ਹਾਂ ਵਿੱਚੋਂ ਇਕ ਤਾਂ ਮੂਸਾ ਦੀ ਲਿਖਤੀ ਸ਼ਰ੍ਹਾ ਹੈ ਅਤੇ ਦੂਜੀ ਰਵਾਇਤੀ ਸ਼ਰ੍ਹਾ, ਜਿਹੜੀ ਮੂਸਾ ਵੱਲੋਂ ਜ਼ਬਾਨੀ ਦਿੱਤੀ ਗਈ ਸੀ, ਪਰ ਪਹਿਲਾਂ ਇਸ ਨੂੰ ਲਿਖਿਆ ਨਹੀਂ ਗਿਆ ਸੀ। ਫ਼ਰੀਸੀਆਂ ਦੀ ਨਜ਼ਰ ਵਿਚ, ਜ਼ਬਾਨੀ ਸ਼ਰ੍ਹਾ ਮੂਸਾ ਨੂੰ ਦਿੱਤੀ ਗਈ ਲਿਖਤੀ ਸ਼ਰ੍ਹਾ ਦੇ ਬਰਾਬਰ ਹੀ ਸੀ।

ਜ਼ਬਾਨੀ ਨਿਯਮ 185 ਈਸਵੀ ਦੇ ਲਗਭਗ ਲਿਖਤੀ ਰੂਪ ਵਿਚ ਦਿੱਤੇ ਗਏ ਸਨ ਅਤੇ ਉਨ੍ਹਾਂ ਦਾ ਅਨੁਵਾਦ ਉਸ ਸਮੇਂ ਪਾਈ ਜਾਣ ਵਾਲੀ ਸਮਝ ਦੇ ਅਧਾਰ ਤੇ ਹੋਇਆ ਸੀ। ਇਹ ਲਿਖਿਆ ਜਾਣਾ ਤਿਬਰਿਆਸ ਵਿਚ ਹੋਇਆ, ਜਦੋਂ ਰੱਬੀ *ਮਿਸ਼ਨਾ* ਨੂੰ ਇਕੱਠਾ ਕਰਨਾ ਸ਼ੁਰੂ ਕੀਤਾ। ਇਸ ਕਿਤਾਬ ਵਿਚ ਪਹਿਲੀ ਸਦੀ ਮਸੀਹ ਤੋਂ ਪਹਿਲਾਂ ਦੇ ਫ਼ੈਸਲੇ ਅਤੇ ਰੀਤਾਂ ਹਨ। ਜਿਨ੍ਹਾਂ ਨੂੰ ਜ਼ਬਾਨੀ ਸ਼ਰ੍ਹਾ ਦੇ ਅਧਾਰ ਤੇ ਮੰਨਿਆ ਜਾਂਦਾ ਹੈ।[10]

ਅਖ਼ੀਰ ਵਿਚ, ਫ਼ਰੀਸੀਵਾਦ ਅਤੇ ਯਹੂਦੀਵਾਦ ਸ਼ਰ੍ਹਾਪ੍ਰਸਤੀ ਦੇ ਬਦਲਵੇਂ ਸ਼ਬਦ ਬਣ ਗਏ। ਮੋਡਿਨ ਦੇ ਰੱਬੀ ਅਲਿਆਜ਼ਾਰ ਨੇ ਕਿਹਾ, ''ਜੇ ਕੋਈ ਆਦਮੀ ... ਸ਼ਰ੍ਹਾ ਵਿਚ ਅਰਥ ਦੱਸੇ ਜਿਹੜੇ *ਹਲੱਖਾ* ਦੇ ਮੁਤਾਬਿਕ ਨਾ ਹੋਣ, ਤਾਂ ਭਾਵੇਂ ਉਸ ਨੂੰ ਸ਼ਰ੍ਹਾ ਦਾ ਗਿਆਨ ਹੋਵੇ ਅਤੇ ਉਹਦੇ ਕੰਮ ਚੰਗੇ ਹੋਣ, ਤਾਂ ਵੀ ਅਗਲੇ ਜਹਾਨ ਵਿਚ ਉਹਦਾ ਕੋਈ ਹਿੱਸਾ ਨਹੀਂ ਹੈ।''[11]

ਤਾਲਮੁਡ ਵਿਚ *ਮਿਸ਼ਨਾ* ਅਜਿਹੀਆਂ ਰੀਤਾਂ ਦਾ ਸੰਗ੍ਰਹਿ ਹੈ: ''ਹੇ ਮੇਰੇ ਪੁੱਤਰ, ਤੋਰਾਹ ਦੀਆਂ ਗੱਲਾਂ ਨਾਲੋਂ ਵੀ ਵਧ ਕੇ ਗ੍ਰੰਥੀਆਂ ਦੀਆਂ ਗੱਲਾਂ ਦੇ ਮੰਨਣ ਵਿਚ ਬਹੁਤੀ ਚੌਕਸੀ ਕਰ, ਕਿਉਂਕਿ ਜੋ ਕੋਈ ਗ੍ਰੰਥੀਆਂ ਦੇ ਕਿਸੇ ਨਿਯਮ ਨੂੰ ਤੋੜ ਦਿੰਦਾ ਹੈ ਉਹਨੂੰ ਮੌਤ ਦੀ ਸਜ਼ਾ ਮਿਲਦੀ ਹੈ।''[12]

ਫ਼ਰੀਸੀਆਂ ਦੇ ਮਨੁੱਖਾਂ ਦੇ ਬਣਾਏ ਨਿਯਮਾਂ ਦੀ ਵਿਆਖਿਆ ਰੱਬੀਆਂ ਵੱਲੋਂ ਕੀਤੀ ਜਾਣੀ ਜ਼ਰੂਰੀ ਸੀ। ਹਰ ਅਹਿਮ ਰੱਬੀ ਨੂੰ ਇਨ੍ਹਾਂ ਰੀਤਾਂ ਵਿਚ ਹੋਰ ''ਵਿਆਖਿਆਵਾਂ'' ਜੋੜਨਾ ਆਪਣੀ ਜ਼ਿੰਮੇਵਾਰੀ ਲਗਦੀ ਸੀ। ਉਦਾਹਰਣ ਲਈ, ਗ੍ਰੰਥੀ ਅਤੇ ਫ਼ਰੀਸੀ ਸਿਰਫ਼ ਇਹੀ ਵੇਖਣ ਲਈ ਨਹੀਂ ਆਏ ਸਨ ਕਿ ਹੱਥ ਧੋਤੇ ਗਏ ਹਨ ਜਾਂ ਨਹੀਂ, ਬਲਕਿ ਇਹ ਵੇਖਣ ਲਈ ਵੀ ਆਏ ਸਨ ਕਿ ਪਾਣੀ ਪੱਥਰ ਦੇ ਮਟਕਿਆਂ ਵਿਚ ਰੱਖਿਆ ਗਿਆ ਹੈ ਜਾਂ ਨਹੀਂ, ਜਿਸ ਨਾਲ ਇਹ ਰਸਮੀ ਤੌਰ ਤੇ ਅਸ਼ੁੱਧ ਨਾ ਹੋਵੇ। ਹੱਥ ਨਾ ਧੋਣ ਵਾਲਿਆਂ ਨੂੰ ''ਸ਼ਿਬਤਾ'' ਨਾਮਕ ਬਦਰੂਹ ਦੇ ਹਮਲਿਆਂ ਲਈ ਆਪਣੇ ਆਪ ਨੂੰ ਦੇ ਦੇਣਾ

ਮੰਨਿਆ ਜਾਂਦਾ ਸੀ।[13] ਫ਼ਰੀਸੀਆਂ ਦਾ ''ਬਿਮਾਰੀ ਨਾਲ ਅਸ਼ੁੱਧ ਹੋ ਜਾਣ ਵਾਲੇ ਲੋਕਾਂ ਨਾਲ ਕੋਈ ਸਬੰਧ ਨਹੀਂ ਸੀ। ਸੱਚ ਤਾਂ ਇਹ ਸੀ ਕਿ ਉਨ੍ਹਾਂ ਨੇ ਜ਼ਿੰਦਗੀ ਨੂੰ ਆਪਣੇ ਲਈ ਮੁਸ਼ਕਿਲ ਅਤੇ ਦੂਜਿਆਂ ਲਈ ਤਕਲੀਫ਼ਦੇਹ ਬਣਾ ਦਿੱਤਾ ਸੀ।''[14]

''ਤੁਸੀਂ ਖ਼ੁਦਾ ਦਾ ਆਦਰ ਆਪਣੇ ਮੂੰਹ ਨਾਲ ਤਾਂ ਕਰਦੇ ਹੋ, ਪਰ ਆਪਣੇ ਮਨਾਂ ਨਾਲ ਨਹੀਂ'' (7:5-8)[15]

5ਤਦ ਫ਼ਰੀਸੀਆਂ ਅਤੇ ਗ੍ਰੰਥੀਆਂ ਨੇ ਉਹਨੂੰ ਪੁੱਛਿਆ, ਤੇਰੇ ਚੇਲੇ ਵੱਡਿਆਂ ਦੀ ਰੀਤ ਉੱਤੇ ਕਿਉਂ ਨਹੀਂ ਚੱਲਦੇ ਪਰ ਅਸ਼ੁੱਧ ਹੱਥੀਂ ਰੋਟੀ ਖਾਂਦੇ ਹਨ? 6ਉਸ ਨੇ ਉਨ੍ਹਾਂ ਨੂੰ ਕਿਹਾ, ਤੁਸਾਂ ਕਪਟੀਆਂ ਦੇ ਵਿਖੇ ਯਸਾਯਾਹ ਨੇ ਠੀਕ ਅਗੰਮ ਵਾਕ ਕੀਤਾ ਜਿੱਦਾਂ ਲਿਖਿਆ ਹੈ ਕਿ ਏਹ ਲੋਕ ਆਪਣੇ ਬੁੱਲ੍ਹਾਂ ਨਾਲ ਮੇਰਾ ਆਦਰ ਕਰਦੇ ਹਨ, ਪਰ ਇਨ੍ਹਾਂ ਦਾ ਦਿਲ ਮੈਥੋਂ ਦੂਰ ਹੈ।
7ਓਹ ਵਿਰਥਾ ਮੇਰੀ ਉਪਾਸਨਾ ਕਰਦੇ ਹਨ,
ਓਹ ਮਨੁੱਖਾਂ ਦੇ ਹੁਕਮਾਂ ਦੀ ਸਿੱਖਿਆ ਦਿੰਦੇ ਹਨ।
8ਤੁਸੀਂ ਪਰਮੇਸ਼ੁਰ ਦੇ ਹੁਕਮ ਨੂੰ ਛੱਡ ਕੇ ਮਨੁੱਖਾਂ ਦੀ ਰੀਤ ਨੂੰ ਮੰਨ ਲੈਂਦੇ ਹੋ।

ਯਿਸੂ ਨੇ ਪਹਿਲਾਂ ਫ਼ਰੀਸੀਆਂ ਦੇ ਜ਼ਬਾਨੀ ਸ਼ਰ੍ਹਾ ਤੇ ਜ਼ੋਰ ਦਿੱਤੇ ਜਾਣ ਦੀ ਮੁਸ਼ਕਿਲ ਦਾ ਜਵਾਬ ਦਿੱਤਾ। ਫਿਰ ਉਸ ਨੇ ਖ਼ਾਸ ਤੌਰ ਤੇ ਫ਼ਿਰਕੇ ਦੀਆਂ ਔਖੀਆਂ ਸਿੱਖਿਆਵਾਂ ਤੋਂ ਇਨਕਾਰ ਕੀਤਾ। ਉਸ ਦੇ ਵਿਰੋਧ ਨਾਲ ਫ਼ਰੀਸੀਆਂ ਦੀ ਸ਼ਕਤੀ ਅਤੇ ਇਖ਼ਤਿਆਰ ਉੱਤੇ ਸੱਟ ਲੱਗੀ। ਯਿਸੂ ਲਈ ਮਨੁੱਖ ਦੇ ਬਣਾਏ ਨਿਯਮਾਂ ਅਤੇ ਰਸਮਾਂ ਦਾ ਕੋਈ ਮਹੱਤਵ ਨਹੀਂ ਸੀ। ਕਿਸੇ ਵੀ ਜਮਾਤ ਲਈ ਸਭ ਤੋਂ ਵੱਡੀ ਝਿੜਕ ਮੱਤੀ 23 ਵਿਚ ਕਿਸੇ ਮਸਲੇ ਤੇ ਫ਼ਰੀਸੀਆਂ ਅਤੇ ਗ੍ਰੰਥੀਆਂ ਦੇ ਖ਼ਿਲਾਫ਼ ਸੀ। ਧਾਰਮਿਕ ਆਗੂ ਇਸ ਤੱਥ ਨੂੰ ਸਮਝ ਨਹੀਂ ਸਕੇ ਕਿ ਜੇ ਯਿਸੂ ਨੂੰ ਕਿਸੇ ਨੇ ਛੂਹ ਲਿਆ ਤਾਂ ਉਹ ਵਿਅਕਤੀ ਰਸਮੀ ਤੌਰ ਤੇ ਅਸ਼ੁੱਧ ਨਹੀਂ ਰਹਿ ਜਾਂਦਾ ਸੀ।

ਆਇਤ 5. ਤਦ ਫ਼ਰੀਸੀਆਂ ਅਤੇ ਗ੍ਰੰਥੀਆਂ ਨੇ ਉਹਨੂੰ ਪੁੱਛਿਆ, ਤੇਰੇ ਚੇਲੇ ਵੱਡਿਆਂ ਦੀ ਰੀਤ ਉੱਤੇ ਕਿਉਂ ਨਹੀਂ ਚੱਲਦੇ . . . ? ਯਿਸੂ ਨਾਲ ਝਗੜਨ ਵਾਲੀ ਪੰਚਾਇਤ ਨੂੰ ਅਜਿਹਾ ਕੋਈ ਕਾਰਣ ਨਹੀਂ ਮਿਲ ਸਕਿਆ ਜਿਸ ਵਿਚ ਉਸ ਨੇ ਮੂਸਾ ਦੀ ਸ਼ਰ੍ਹਾ ਨੂੰ ਤੋੜਿਆ ਹੋਵੇ। ਇਸ ਕਰਕੇ ਉਨ੍ਹਾਂ ਨੇ ਉਸ ਤੇ ਆਪਣੀਆਂ ''ਰੀਤਾਂ'' ਨੂੰ ਤੋੜਨ ਦਾ ਇਲਜ਼ਾਮ ਲਾ ਦਿੱਤਾ। ''ਰੀਤ'' (*παράδοσις*, *ਪੈਰਾਡੋਸਿਸ*; 7:3) ਜ਼ਰੂਰੀ ਨਹੀਂ ਕਿ ਮਾੜੀ ਹੋਵੇ। 2 ਥੱਸਲੁਨੀਕੀਆਂ 2:15 ਵਿਚ ਪੌਲੁਸ ਵੱਲੋਂ ਇਸ ਸ਼ਬਦ ਦੀ ਵਰਤੋਂ ਰਸੂਲਾਂ ਵੱਲੋਂ ਕਲੀਸੀਆ ਦੇ ਆਗੂਆਂ ਨੂੰ ਸੌਂਪੀ ਗਈ ਪਰੀਖਿਆ ਲਈ ਕੀਤੀ ਗਈ।

ਕਾਮਯਾਬ ਪਰਿਵਾਰਾਂ ਵਿਚ ਵੇਖਿਆ ਗਿਆ ਹੈ ਕਿ ਪਰਿਵਾਰਾਂ ਨੂੰ ਜੋੜੀ ਰੱਖਣ ਲਈ ਪਰਿਵਾਰ ਦੀਆਂ ਰੀਤਾਂ ਬੜੀਆਂ ਮਦਦਗਾਰ ਹੋ ਸਕਦੀਆਂ ਹਨ। ਪਰ ਬਾਈਬਲ ਦੇ ਇਖ਼ਤਿਆਰ ਤੋਂ ਹਟਾਉਣ ਵਾਲੀਆਂ ਧਾਰਮਿਕ ਰੀਤਾਂ ਦੋਸ਼ੀ ਠਹਿਰਾਉਣ ਵੱਲ ਲਿਜਾ ਸਕਦੀਆਂ ਹਨ ਅਤੇ ਕੁਝ ਰੀਤਾਂ ਐਨੀਆਂ ਪੱਕੀਆਂ ਹੋ ਗਈਆਂ ਹਨ ਕਿ ਉਨ੍ਹਾਂ ਨੂੰ ਮੰਨਣ ਵਾਲਿਆਂ ਨੂੰ ਵੀ ਪਤਾ ਨਹੀਂ ਹੈ ਕਿ ਉਹ ਮਨੁੱਖਾਂ ਦੀਆਂ ਬਣਾਈਆਂ ਹੋਈਆਂ ਹਨ। ਇਹ ਯਕੀਨੀ ਬਨਾਉਣ ਲਈ ਕਿ ਅਸੀਂ ਮਨੁੱਖਾਂ ਦੀਆਂ ਬਣਾਈਆਂ ਰੀਤਾਂ ਤੇ ਨਹੀਂ ਬਲਕਿ ਖ਼ੁਦਾ ਵੱਲੋਂ ਠਹਿਰਾਈਆਂ ਰੀਤਾਂ ਉੱਤੇ ਚੱਲ ਰਹੇ ਹਾਂ, ਸਾਨੂੰ ਬੜੇ ਧਿਆਨ ਨਾਲ ਬਾਈਬਲ ਦੀ ਖੋਜ ਕਰਨੀ ਜ਼ਰੂਰੀ ਹੈ। ਉਸ ਵਿਚ ਜਿਸਦਾ ਖ਼ੁਦਾ ਨੇ ਹੁਕਮ ਦਿੱਤਾ ਹੈ ਅਸੀਂ ਕੁਝ ਨਾ ਜੋੜੀਏ (ਪਰਕਾਸ਼ 22:18, 19)।[16]

ਜਿਵੇਂ ਕਿ ਕੁਝ ਲੋਕ ਦਾਅਵਾ ਕਰਦੇ ਹਨ, ਯਿਸੂ ਨੇ ਹਰ ਰਸਮ ਦਾ ਵਿਰੋਧ ਨਹੀਂ ਕੀਤਾ। ਉਸ

ਨੇ ਬਪਤਿਸਮੇ ਤੇ ਜ਼ੋਰ ਦਿੱਤਾ ਅਤੇ ਪ੍ਰਭੂ ਭੋਜ ਦੀ ਸਥਾਪਨਾ ਕੀਤੀ, ਜੋ ਕਿ ਖ਼ੁਦਾ ਵੱਲੋਂ ਦਿੱਤੀਆਂ ਗਈਆਂ ਰੀਤਾਂ ਹਨ। ਉਸ ਨੇ ਸ਼ਰ੍ਹਾ ਵਿਚ ਦਿੱਤੇ ਯਾਜਕਾਂ ਦੇ ਨ੍ਹਾਉਣ ਨੂੰ ਜ਼ਰੂਰੀ ਹੋਣ ਨੂੰ ਨਕਾਰਿਆ ਨਹੀਂ, ਨਾ ਹੀ ਉਸ ਨੇ ਖਾਣਾ ਖਾਣ ਤੋਂ ਪਹਿਲਾਂ ਭਾਂਡੇ ਨੂੰ ਧੋ ਲੈਣ ਜਾਂ ਹੱਥ ਧੋਣ ਦਾ ਵਿਰੋਧ ਕੀਤਾ। ਪਰ ਫ਼ਰੀਸੀ ਉਸ ਧੋਣ ਦੀ ਮੰਗ ਕਰ ਰਹੇ ਸਨ ਜਿਹੜਾ ਗੈਰ ਜ਼ਰੂਰੀ ਸੀ। ਯਿਸੂ ਨੇ ਉਨ੍ਹਾਂ ਦੇ, ਭਾਵ ਮਨੁੱਖਾਂ ਦੇ ਬਣਾਏ ਨਿਯਮਾਂ ਨੂੰ ਨਜ਼ਰਅੰਦਾਜ਼ ਕੀਤਾ ਸੀ, ਇਸ ਕਰਕੇ ਫ਼ਰੀਸੀਆਂ ਨੇ ਉਸ ਨੂੰ ਅਤੇ ਉਸ ਦੇ ਚੇਲਿਆਂ ਨੂੰ ਦੁਸ਼ਟ ਮੰਨ ਲਿਆ।

ਆਇਤਾਂ 6, 7. ਫ਼ਰੀਸੀਆਂ ਦੇ ਸਵਾਲ ਦੇ ਆਪਣੇ ਜਵਾਬ ਵਿਚ ਯਿਸੂ ਨੇ ਅੱਗੇ ਆਖਿਆ, **''ਤੁਸਾਂ ਕਪਟੀਆਂ ਦੇ ਵਿਖੇ ਯਸਾਯਾਹ ਨੇ ਠੀਕ ਅਗੰਮ ਵਾਕ ਕੀਤਾ ਜਿੱਦਾਂ ਲਿਖਿਆ ਹੈ ਕਿ ਏਹ ਲੋਕ ਆਪਣੇ ਬੁੱਲ੍ਹਾਂ ਨਾਲ ਮੇਰਾ ਆਦਰ ਕਰਦੇ ਹਨ, ਪਰ ਇਨ੍ਹਾਂ ਦਾ ਦਿਲ ਮੈਥੋਂ ਦੂਰ ਹੈ। ਓਹ ਵਿਰਥਾ ਮੇਰੀ ਉਪਾਸਨਾ ਕਰਦੇ ਹਨ, ਓਹ ਮਨੁੱਖਾਂ ਦੇ ਹੁਕਮਾਂ ਦੀ ਸਿੱਖਿਆ ਦਿੰਦੇ ਹਨ।''** ਉਸ ਨੇ ਸਿੱਖਿਆ (ਡਾਕਟ੍ਰਿਨ) ਅਤੇ ਜ਼ਿੰਦਗੀ ਵਿਚਲੇ ਸਬੰਧ ਨੂੰ ਸਵੀਕਾਰਿਆ, ਜਿਸਦੇ ਬਗੈਰ ਬੰਦਗੀ ਵਿਚ ਕੀਤੀਆਂ ਜਾਣ ਵਾਲੀਆਂ ਕੋਸ਼ਿਸ਼ਾਂ ਬੇਕਾਰ ਹੋਣੀਆਂ ਸਨ (ਵੇਖੋ ਮੱਤੀ 15:7–9)।

ਯਿਸੂ ਦੇ ਜਵਾਬ ਦੇ ਦੋ ਪੱਧਰ ਸਨ ਜਿਸ ਵਿਚ ਇਕ ਤਾਂ ਸਧਾਰਣ ਸੀ ਜਦਕਿ ਦੂਜਾ ਉਸ ਨਾਲੋਂ ਡੂੰਘਾ। ਪਹਿਲਾਂ ਤਾਂ ਉਸ ਨੇ ਉਨ੍ਹਾਂ ਨੂੰ ਕਪਟੀ (ὑποκριτής, *ਹਿਪੋਕ੍ਰਾਈਟਸ*) ਕਿਹਾ, ਜਿਸਦਾ ਅਰਥ ਉਸ ਸਮੇਂ ''ਅਦਾਕਾਰੀ ਕਰਨਾ'' ਸੀ; ਇਹ ਸਟੇਜ ਦੇ ਕਲਾਕਾਰ ਲਈ ਵਰਤਿਆ ਜਾਣ ਵਾਲਾ ਯੂਨਾਨੀ ਸ਼ਬਦ ਹੈ। ਯਿਸੂ ਵੱਲੋਂ ਫ਼ਰੀਸੀਆਂ ਨੂੰ ਇਸ ਨਾਮ ਨਾਲ ਇੱਥੇ ਪਹਿਲੀ ਵਾਰ ਸੱਦਿਆ ਗਿਆ। KJV ਵਿਚ ''hypocrites'' ਹੈ ਜਿਸਦਾ ਅਰਥ ਬੁਰੇ ਲੋਕ ਹੈ (ਅੱਯੂਬ 34:30; 36:13)।[17] ਸਿਨੋਪ ਦੇ ਅਕੂਲਾ ਵੱਲੋਂ ਸਪਤਤੀ ਅਨੁਵਾਦ (LXX) ਵਿਚ ਸੁਧਾਰ ਕੀਤੇ ਜਾਣ ਤਕ,[18] ਇਹ ਸ਼ਬਦ ਧਰਮੀ ਲੱਗਣ ਦਾ ਜ਼ੋਰਦਾਰ ਢੰਗ ਨਾਲ ਸੰਕੇਤ ਦਿੰਦਾ ਸੀ। ਪਰ ਯਿਸੂ ਇਸ ਦੀ ਵਰਤੋਂ ਉਸ ਅਰਥ ਲਈ ਕਰ ਰਿਹਾ ਸੀ ਜਿਹੜਾ ਉਹ ਵਿਖਾਉਣ ਦਾ ਵਿਖਾਵਾ ਕਰਦੇ ਹੋਏ, ਇਕ ਭੂਮਿਕਾ ਨਿਭਾਉਂਦਾ ਹੈ ਜੋ ਕਿ ਅਸਲ ਵਿਚ ਉਹ ਹੈ ਨਹੀਂ।[19] ਇਹਦਾ ਅਰਥ ਅਜੇ ਵੀ ਉਹ ਵਿਅਕਤੀ ਸੀ ''ਜਿਹਦੀ ਭਲਿਆਈ ਖ਼ੁਦਾ ਨੂੰ ਖੁਸ਼ ਕਰਨ ਲਈ ਨਹੀਂ, ਬਲਕਿ ਲੋਕਾਂ ਨੂੰ ਖੁਸ਼ ਕਰਨ ਲਈ ਹੈ, ਭਾਵ ਜਿਹੜਾ ਇਹ ਨਹੀਂ ਆਖਦਾ ਕਿ 'ਵਡਿਆਈ *ਖ਼ੁਦਾ* ਨੂੰ ਮਿਲੇ' ਬਲਕਿ ਇਹ ਆਖਦਾ ਹੈ ਕਿ 'ਸਿਹਰਾ ਮੈਨੂੰ ਮਿਲੇ'।''[20]

ਅੱਜ ਜ਼ਰੂਰੀ ਨਹੀਂ ਕਿ ''ਕਪਟੀ'' (hypocrite) ਸ਼ਬਦ ਵਿਚ ਕਿਸੇ ਬੁਰੇ ਵਿਅਕਤੀ ਦਾ ਸੰਕੇਤ ਹੋਵੇ। ਇਹ ਉਸ ਵਿਅਕਤੀ ਦੀ ਗੱਲ ਹੈ ਜਿਹੜਾ ਵਿਖਾਵੇ ਲਈ ਸਹੀ ਕੰਮ ਕਰਦਾ ਹੈ ਪਰ ਉਹਦੇ ਵਿਹਾਰ ਤੋਂ ਉਹਦੇ ਮਨ ਅਤੇ ਵਿਚਾਰਾਂ ਦਾ ਪਤਾ ਨਹੀਂ ਲਗਦਾ। ''ਇਹਦਾ ਮਤਲਬ ਇਹ ਹੋਇਆ ਕਿ [7:6 ਵਿਚ] ਕਪਟੀ ਵਿਅਕਤੀ, ਫ਼ਰੇਬੀ, ਧੋਖੇਬਾਜ਼, ਪਖੰਡੀ, ਬੁੱਕਲ ਦਾ ਸੱਪ, ਭੇਡ ਦੀ ਖੱਲ ਵਿਚ ਬਘਿਆੜ ਹੈ। ਉਹ ਉਹ ਹੋਣ ਦਾ ਵਿਖਾਵਾ ਕਰਦਾ ਹੈ ਜੋ ਉਹ ਹੈ ਨਹੀਂ।''[21]

ਯਿਸੂ ਯਹੂਦੀ ਪਰੰਪਰਾ ਦੇ ਪੂਰੇ ਪ੍ਰਬੰਧ ਉੱਤੇ, ਭਾਵ ਮਨੁੱਖ ਦੀ ਬਣਾਈ ''ਜ਼ਬਾਨੀ ਸ਼ਰ੍ਹਾ'' ਤੇ ਹਮਲਾ ਕਰ ਰਿਹਾ ਸੀ। ਯਹੂਦੀ ਆਗੂਆਂ ਨੇ ਖ਼ੁਦਾ ਵੱਲੋਂ ਦਿੱਤੀ ਗਈ ਸ਼ਰ੍ਹਾ ਨੂੰ ਦੂਜਿਆਂ ਨੂੰ ਦੋਸ਼ ਲਾਉਣ ਅਤੇ ਆਪਣੀ ਗਲਤੀ ਲੁਕਾਉਣ ਲਈ, ਵਾਲ ਦੀ ਖੱਲ ਲਾਹੁਣ ਵਿਚ ਬਦਲ ਦਿੱਤਾ ਸੀ। ਮੱਤੀ 23:16–19 ਵਿਚ ਇਹ ਸਪੱਸ਼ਟ ਹੁੰਦਾ ਹੈ:

> ''ਤੁਹਾਡੇ ਉੱਤੇ ਹਾਇ ਹੇ ਅੰਨ੍ਹੇ ਆਗੂਓ! ਜਿਹੜੇ ਆਖਦੇ ਹੋ, ਕੋਈ ਹੈਕਲ ਦੀ ਸੌਂਹ ਖਾਂਦਾ ਹੈ ਤਾਂ ਗੱਲ ਨਹੀਂ ਪਰ ਜੇ ਕੋਈ ਹੈਕਲ ਦੇ ਸੋਨੇ ਦੀ ਸੌਂਹ ਖਾਂਦਾ ਹੈ ਤਾਂ ਉਹਨੂੰ ਪੂਰੀ ਕਰਨੀ ਪਊਗੀ।' ਹੇ ਮੂਰਖੋ ਅਤੇ ਅੰਨ੍ਹਿਓ! ਕਿਹੜਾ ਵੱਡਾ ਹੈ, ਸੋਨਾ ਜਾਂ ਉਹ ਹੈਕਲ ਜਿਹੜੀ ਸੋਨੇ ਨੂੰ ਪਵਿੱਤਰ ਕਰਦੀ ਹੈ? ਫਿਰ 'ਕੋਈ ਵੇਦੀ ਦੀ ਸੌਂਹ ਖਾਏ ਤਾਂ ਕੋਈ ਗੱਲ ਨਹੀਂ; ਪਰ ਜੋ ਕੋਈ ਇਸ

ਉੱਤੇ ਰੱਖੀ ਭੇਟ ਦੀ ਸੌਂਹ ਖਾਂਦਾ ਹੈ ਉਸ ਨੂੰ ਉਹ ਪੂਰੀ ਕਰਨੀ ਪਊਗੀ।' ਮੂਰਖੋ ਅਤੇ ਅੰਨ੍ਹਿਓ! ਕਿਹੜਾ ਵੱਡਾ ਹੈ ਭੇਟ ਜਾਂ ਉਹ ਵੇਦੀ ਜਿਹੜੀ ਭੇਟ ਨੂੰ ਪਵਿੱਤਰ ਕਰਦੀ ਹੈ?'' (NKJV)।

ਇਹ ਤਾਂ ਪੱਕਾ ਹੈ ਕਿ ਫ਼ਰੀਸੀਆਂ ਦੀ ਸੋਚ ਕਰਮਕਾਂਡਵਾਦੀ ਸੀ; ਉਹ ਸ਼ਰ੍ਹਾ ਦੀਆਂ ਲਿਖੀਆਂ ਗੱਲਾਂ ਨੂੰ ਤਾਂ ਮੰਨਦੇ ਸਨ ਪਰ ਆਮ ਤੌਰ ਤੇ ਉਹਦੇ ਭਾਵ ਨੂੰ ਭੁੱਲ ਜਾਂਦੇ ਸਨ। ਅੱਜ ਮਸੀਹ ਦੀ ਬਜਾਇ ਜਿਸਨੇ ਸਾਡੇ ਨਾਲ ਪਿਆਰ ਕੀਤਾ ਅਤੇ ਆਪਣੇ ਆਪ ਨੂੰ ਸਾਡੇ ਲਈ ਦੇ ਦਿੱਤਾ, ਕਈ ਲੋਕਾਂ ਦਾ ਰਵੱਈਆ ਸ਼ਰ੍ਹਾ ਦੀ ਖ਼ਾਤਰ ਸ਼ਰ੍ਹਾ ਦਾ ਹੁਕਮ ਮੰਨਣ ਵਾਲਾ ਹੈ। ਝੂਠੀ ਸਿੱਖਿਆ ਅਤੇ ਉਸ ਉੱਤੇ ਚੱਲਣਾ ਖ਼ੁਦਾ ਦੀ ਬੰਦਗੀ ਕਰਨ ਦੀ ਕਿਸੇ ਵੀ ਕੋਸ਼ਿਸ਼ ਨੂੰ ''ਵਿਰਥਾ'' ਬਣਾ ਦਿੰਦਾ ਹੈ (ਵੇਖੋ ਮੱਤੀ 15:8, 9)।

ਯਿਸੂ ਦਾ ਯਸਾਯਾਹ 29:13 ਦਾ ਹਵਾਲਾ ਇਬਰਾਨੀ ਭਾਸ਼ਾ ਦੇ ਪੁਰਾਣੇ ਨੇਮ ਨਾਲ ਪੂਰਾ ਪੂਰਾ ਮੇਲ ਨਹੀਂ ਖਾਂਦਾ। ਆਪਣੇ ਸਮੇਂ ਦੇ ਯਹੂਦੀਆਂ ਦੀ ਰੀਤ ਮੁਤਾਬਿਕ ਉਸ ਨੇ ਇਬਰਾਨੀ ਦੀ ਥਾਂ ਸਪਤਤੀ ਅਨੁਵਾਦ (LXX) ਵਿੱਚੋਂ ਦੁਹਰਾਇਆ।[22] ਮੂਲ ਇਬਰਾਨੀ ਅਤੇ ਯੂਨਾਨੀ ਅਨੁਵਾਦ ਦੇ– ਅਨੁਵਾਦਕ ਸ਼ਬਦਾਂ ਵਿਚ ਥੋੜ੍ਹਾ ਜਿਹਾ ਬਦਲਾਅ ਮਿਲਦਾ ਹੈ ਪਰ ਬੁਨਿਆਦੀ ਅਰਥ ਉਹੀ ਰਹਿੰਦਾ ਹੈ।[23] ਇਸ ਤੋਂ ਇਹ ਸੰਕੇਤ ਮਿਲਦਾ ਹੈ ਕਿ ਯਹੂਦੀ ਆਗੂ ਅਤੇ ਯਿਸੂ ਯੂਨਾਨੀ ਭਾਸ਼ਾ ਵਿਚ ਗੱਲ ਕਰਦੇ ਸਨ ਅਤੇ LXX (ਪੁਰਾਣੇ ਨੇਮ ਦੇ ਯੂਨਾਨੀ ਅਨੁਵਾਦ) ਨੂੰ ਬੜੀ ਮਾਨਤਾ ਦਿੰਦੇ ਸਨ।

ਜੋ ਕੁਝ ਯਸਾਯਾਹ ਨੇ ਆਪਣੇ ਸਮੇਂ ਦੇ ਲੋਕਾਂ ਲਈ ਆਖਿਆ ਸੀ, ਉਹੀ ਯਿਸੂ ਦੇ ਸਮੇਂ ਦੇ ਯਹੂਦੀਆਂ ਲਈ ਵੀ ਢੁਕਦਾ ਸੀ। ਇਸ ਹਵਾਲੇ ਵਿੱਚੋਂ ਦੁਹਰਾਉਣਾ ਨਬੂਵਤੀ ਵਚਨ ਦੀ ਦੋਹਰੀ ਪ੍ਰਾਸੰਗਿਕਤਾ ਸੀ। ਇਤਿਹਾਸ ਆਪਣੇ ਆਪ ਨੂੰ ਦੁਹਰਾ ਰਿਹਾ ਸੀ; ਇਸ ਕਰਕੇ ਯਿਸੂ ਦੇ ਵਰਤਮਾਨ ਸਰੋਤਿਆਂ ਲਈ ਖ਼ੁਦਾ ਦੀ ਕਿਤਾਬ ਦਾ ਉਹੀ ਨਿਯਮ ਲਾਗੂ ਹੋਇਆ। ਜਦੋਂ ਵੀ ਧਰਮ ਖ਼ੁਦਾ ਦੇ ਦਿਮਾਗ ਵਿੱਚੋਂ ਨਾ ਨਿੱਕਲ ਕੇ ਇਨਸਾਨ ਦੇ ਦਿਮਾਗ਼ ਵਿੱਚੋਂ ਨਿੱਕਲਦਾ ਹੈ, ਤਾਂ ਇਸ ਦਾ ਰਸਮੀ ਅਤੇ ਗਲਤ ਹੋ ਜਾਣਾ ਬੜਾ ਅਸਾਨ ਹੁੰਦਾ ਹੈ।

ਸਾਨੂੰ ਚਾਹੀਦਾ ਹੈ ਕਿ ਖ਼ੁਦਾ ਦੀ ਸ਼ਰ੍ਹਾ ਦੀ ਥਾਂ ਮਨੁੱਖ ਦੀ ਚਲਾਕੀ ਨੂੰ ਨਾ ਦਈਏ। ਅਸਲੀ ਧਰਮ ਮਨੁੱਖ ਦੇ ਦਿਮਾਗ ਦੀ ਉਪਜ ਨਹੀਂ ਹੋ ਸਕਦਾ। ਇਕ ਪ੍ਰਾਚੀਨ ਰੱਬੀ ਨੇ ਆਖਿਆ ਸੀ, ''ਲਿਖਤੀ ਸ਼ਰ੍ਹਾ ਦੀਆਂ ਗੱਲਾਂ ਨੂੰ ਮੰਨਣ ਦੀ ਥਾਂ ਗ੍ਰੰਥੀਆਂ ਦੀਆਂ ਗੱਲਾਂ ਨੂੰ ਮੰਨਣ ਵਿਚ ਬਹੁਤੀ ਚਲਾਕੀ ਹੁੰਦੀ ਹੈ।''[24] ਪਰ ''ਅਸਲ ਧਰਮ ਮਨੁੱਖ ਦੀਆਂ ਸ਼ਾਨਦਾਰ ਖੋਜਾਂ ਨਾਲ ਨਹੀਂ ਬਲਕਿ ਖ਼ੁਦਾ ਦੀ ਅਵਾਜ਼ ਨੂੰ ਸੁਣਨ ਅਤੇ ਮੰਨਣ ਨਾਲ ਆਉਂਦਾ ਹੋਣਾ ਜ਼ਰੂਰੀ ਹੈ।''[25]

ਆਇਤ 8. ਯਿਸੂ ਨੇ ਯਸਾਯਾਹ ਵਿੱਚੋਂ ਦੁਹਰਾਇਆ ਹੀ ਨਹੀਂ, ਬਲਕਿ ਆਪਣੇ ਸੁਣਨ ਵਾਲਿਆਂ ਲਈ ਇਸ ਵਚਨ ਦੀ ਵਿਆਖਿਆ ਕਰਦਿਆਂ ਓਨੀ ਹੀ ਇਖ਼ਤਿਆਰ ਭਰੀ ਆਪਣੀ ਟਿੱਪਣੀ ਜੋੜ ਦਿੱਤੀ: **''ਤੁਸੀਂ ਪਰਮੇਸ਼ੁਰ ਦੇ ਹੁਕਮ ਨੂੰ ਛੱਡ ਕੇ ਮਨੁੱਖਾਂ ਦੀ ਰੀਤ ਨੂੰ ਮੰਨ ਲੈਂਦੇ ਹੋ।''** ਨਵੇਂ ਨੇਮ ਵਿਚ ਯਿਸੂ ਦੇ ਸ਼ਬਦ ਪੁਰਾਣੇ ਨਿਯਮ ਦੇ ਕਿਸੇ ਵੀ ''ਯਹੋਵਾਹ ਇਉਂ ਆਖਦਾ ਹੈ'' ਜਿੰਨੇ ਹੀ ਇਖ਼ਤਿਆਰ ਵਾਲੇ ਹਨ।

ਯਹੂਦੀ ਲੋਕ ਲੋਕਾਂ ਉੱਤੇ ਖ਼ੁਦਾ ਦੇ ਲਿਖਤੀ ਵਚਨ ਨਾਲੋਂ ਵਧਕੇ ਆਪਣੀਆਂ ਰੀਤਾਂ ਨੂੰ ਕਿਵੇਂ ਥੋਪ ਸਕਦੇ ਸਨ? ਉਨ੍ਹਾਂ ਦਾ ਮੰਨਣਾ ਸੀ ਕਿ ਜ਼ਬਾਨੀ ਸਿੱਖਿਆ ਪਹਿਲਾਂ ਖ਼ੁਦਾ ਵੱਲੋਂ ਹੀ ਮਿਲੀ ਸੀ ਇਸ ਕਰਕੇ ਉਸ ਨੂੰ ਲਿਖੇ ਹੋਏ ਨਾਲੋਂ ਵੱਧ ਅਹਿਮੀਅਤ ਦਿੱਤੀ ਜਾਵੇ। ਪਰ ਯਿਸੂ ਦੀ ਨਜ਼ਰ ਵਿਚ ਖ਼ੁਦਾ ਦੀ ਲਿਖਤੀ ਸ਼ਰ੍ਹਾ ਹੀ ਸਭ ਕੁਝ ਸੀ।

''ਤੁਸੀਂ ਪਰਮੇਸ਼ੁਰ ਦੇ ਹੁਕਮ ਨੂੰ ਟਾਲ ਰਹੇ ਹੋ'' (7:9-13)[26]

9ਅਤੇ ਉਸ ਨੇ ਉਨ੍ਹਾਂ ਨੂੰ ਆਖਿਆ, ਤੁਸੀਂ ਪਰਮੇਸ਼ੁਰ ਦੇ ਹੁਕਮ ਨੂੰ ਚੰਗੀ ਤਰ੍ਹਾਂ ਟਾਲ ਦਿੰਦੇ ਹੋ ਤਾਂ

ਜੋ ਆਪਣੀ ਰੀਤ ਨੂੰ ਕਾਇਮ ਰੱਖੋ [10]ਕਿਉਂਕਿ ਮੂਸਾ ਨੇ ਕਿਹਾ ਕਿ ਆਪਣੇ ਪਿਤਾ ਅਤੇ ਆਪਣੀ ਮਾਤਾ ਦਾ ਆਦਰ ਕਰ ਅਤੇ ਜਿਹੜਾ ਪਿਤਾ ਯਾ ਮਾਤਾ ਨੂੰ ਮੰਦਾ ਬੋਲੇ ਉਹ ਜਾਨੋਂ ਮਾਰਿਆ ਜਾਵੇ [11]ਪਰ ਤੁਸੀਂ ਆਖਦੇ ਹੋ, ਜੇ ਕੋਈ ਮਨੁੱਖ ਪਿਤਾ ਯਾ ਮਾਤਾ ਨੂੰ ਕਹੇ ਭਈ ਜੋ ਕੁਝ ਮੇਰੇ ਕੋਲੋਂ ਤੈਨੂੰ ਲਾਭ ਹੋ ਸੱਕਦਾ ਸੀ ਸੋ ਕੁਰਬਾਨ ਅਰਥਾਤ ਭੇਟ ਚੜ੍ਹਾ ਦਿੱਤਾ ਹੈ [12]ਤੁਸੀਂ ਫੇਰ ਉਹਨੂੰ ਉਹਦੇ ਪਿਤਾ ਯਾ ਮਾਤਾ ਦੇ ਲਈ ਕੁਝ ਨਹੀਂ ਕਰਨ ਦਿੰਦੇ [13]ਇਸ ਤਰ੍ਹਾਂ ਤੁਸੀਂ ਪਰਮੇਸ਼ੁਰ ਦੇ ਬਚਨ ਨੂੰ ਆਪਣੀ ਰੀਤ ਨਾਲ ਜਿਹੜੀ ਤੁਸਾਂ ਚਲਾਈ ਹੈ ਅਕਾਰਥ ਕਰਦੇ ਹੋ ਅਤੇ ਹੋਰ ਬਥੇਰੇ ਇਹੋ ਜਿਹੇ ਕੰਮ ਤੁਸੀਂ ਕਰਦੇ ਹੋ।

ਆਇਤ 9. ਫ਼ਰੀਸੀਆਂ ਨੇ ਮੂਸਾ ਦੀ ਸ਼ਰ੍ਹਾ ਦੇ ਕੁਝ ਨਿਯਮਾਂ ਨੂੰ ਨਾ ਮੰਨਣ ਦੇ ਤਰੀਕੇ ਕੱਢ ਲਏ ਸਨ। ਉਨ੍ਹਾਂ ਨੇ ਲਾਲਚ ਨੂੰ ਲੁਕਾਉਣ ਲਈ ਇਕ ਰੀਤ ਬਣਾ ਲਈ ਸੀ। ਯਿਸੂ ਉਨ੍ਹਾਂ ਦੀ ਤਾਰੀਫ਼ ਕਰਦਾ ਹੋਇਆ ਲੱਗਾ। **''ਤੁਸੀਂ ਪਰਮੇਸ਼ੁਰ ਦੇ ਹੁਕਮ ਨੂੰ ਚੰਗੀ ਤਰ੍ਹਾਂ ਟਾਲ ਦਿੰਦੇ ਹੋ ਤਾਂ ਜੋ ਆਪਣੀ ਰੀਤ ਨੂੰ ਕਾਇਮ ਰੱਖੋ।''** ਇਹ ਆਖਣ ਵਿਚ ਕਿ ਉਹ ਕਿੰਨੇ ''ਹੁਸ਼ਿਆਰ'' ਹਨ, ਉਹ ਵਿਅੰਗ[27] ਨਾਲ ਸ਼ਾਇਦ ਤਾਅਨਾ ਮਾਰ ਰਿਹਾ ਸੀ। AB ਵਿਚ ਕਿਹਾ ਗਿਆ ਹੈ, ''ਤੁਸੀਂ ਆਪਣੀਆਂ ਮਨੁੱਖ ਦ ਬਣਾਈਆਂ ਰੀਤਾਂ ਅਤੇ ਨਿਯਮਾਂ ਨੂੰ ਮੰਨਣ ਲਈ ਖ਼ੁਦਾ ਦੇ ਹੁਕਮ ਨੂੰ ਰੱਦ ਕਰਨ ਅਤੇ ਪ੍ਰਭਾਵਹੀਣ ਬਨਾਉਣ ਵਿਚ ਕਿੰਨੇ ਹੁਸ਼ਿਆਰ ਹੋ।'' ਯਿਸੂ ਆਖ ਰਿਹਾ ਸੀ ਕਿ ਖ਼ੁਦਾ ਦਾ ਹੁਕਮ ਤੋੜ ਕੇ ਇਸ ਨੂੰ ਧਾਰਮਿਕ ਰੰਗ ਦੇਣ ਦਾ ਉਨ੍ਹਾਂ ਦਾ ਤਰੀਕਾ ਕਿੰਨਾਂ ਚਲਾਕੀ ਭਰਿਆ ਸੀ। ਅਜਿਹਾ ਕਰਕੇ ਉਹ ਅਸਲ ਵਿਚ ਆਪਣੇ ਆਪ ਨੂੰ ਰੱਬ ਬਣਾ ਰਹੇ ਸਨ![28] ਉਹ ''ਪਰਮੇਸ਼ੁਰ ਦੇ ਬਚਨ'' ਨੂੰ ਨਜ਼ਰਅੰਦਾਜ਼, ਰਹੇ ਜਾਂ ਅਸਲ ਵਿਚ ''ਅਕਾਰਥ'' ਕਰ ਰਹੇ ਸਨ (7:13)।

ਆਇਤਾਂ 10-12. ਕਿਉਂਕਿ ਮੂਸਾ ਨੇ ਕਿਹਾ ਕਿ ਆਪਣੇ ਪਿਤਾ ਅਤੇ ਆਪਣੀ ਮਾਤਾ ਦਾ ਆਦਰ ਕਰ ਅਤੇ ਜਿਹੜਾ ਪਿਤਾ ਯਾ ਮਾਤਾ ਨੂੰ ਮੰਦਾ ਬੋਲੇ ਉਹ ਜਾਨੋਂ ਮਾਰਿਆ ਜਾਵੇ ਪਰ ਤੁਸੀਂ ਆਖਦੇ ਹੋ, ਜੇ ਕੋਈ ਮਨੁੱਖ ਪਿਤਾ ਯਾ ਮਾਤਾ ਨੂੰ ਕਹੇ ਭਈ ਜੋ ਕੁਝ ਮੇਰੇ ਕੋਲੋਂ ਤੈਨੂੰ ਲਾਭ ਹੋ ਸੱਕਦਾ ਸੀ ਸੋ ਕੁਰਬਾਨ ਅਰਥਾਤ ਭੇਟ ਚੜ੍ਹਾ ਦਿੱਤਾ ਹੈ ਤੁਸੀਂ ਫੇਰ ਉਹਨੂੰ ਉਹਦੇ ਪਿਤਾ ਯਾ ਮਾਤਾ ਦੇ ਲਈ ਕੁਝ ਨਹੀਂ ਕਰਨ ਦਿੰਦੇ।

ਇਹ ਲੋਕ ਖ਼ੁਦਾ ਨਾਲ ਪਿਆਰ ਕਰਨ ਦਾ ਦਾਅਵਾ ਕਰਦੇ ਸਨ, ਜਦਕਿ ਆਪਣੇ ਮਾਂ-ਬਾਪ ਲਈ ਉਨ੍ਹਾਂ ਦੇ ਮਨ ਵਿਚ ਕੋਈ ਪਿਆਰ ਨਹੀਂ ਸੀ। ਇਸ ਕਰਕੇ ਉਨ੍ਹਾਂ ਵਿਚ ਖ਼ੁਦਾ ਲਈ ਕੋਈ ਸੱਚਾ ਪਿਆਰ ਨਹੀਂ ਸੀ! 1 ਯੂਹੰਨਾ 4:20 ਵਿਚ ''ਭਰਾ'' ਦੀ ਥਾਂ ''ਮਾਪੇ'' ਲਾ ਕੇ ਅਸੀਂ ਸਹੀ ਕਰਾਂਗੇ: ''ਜੇ ਕੋਈ ਆਖੇ ਭਈ ਮੈਂ ਪਰਮੇਸ਼ੁਰ ਨਾਲ ਪ੍ਰੇਮ ਰੱਖਦਾ ਹਾਂ ਅਤੇ ਆਪਣੇ ਮਾਪਿਆਂ ਨਾਲ ਵੈਰ ਰੱਖੇ ਤਾਂ ਉਹ ਝੂਠਾ ਹੈ ਕਿਉਂਕਿ ਜਿਹੜਾ ਆਪਣੇ ਮਾਪਿਆਂ ਨਾਲ ਜਿਨ੍ਹਾਂ ਨੂੰ ਉਹਨੇ ਵੇਖਿਆ ਹੈ ਪ੍ਰੇਮ ਨਹੀਂ ਰੱਖਦਾ ਉਹ ਪਰਮੇਸ਼ੁਰ ਨਾਲ ਜਿਸ ਨੂੰ ਉਹਨੇ ਨਹੀਂ ਵੇਖਿਆ ਪ੍ਰੇਮ ਰੱਖ ਹੀ ਨਹੀਂ ਸੱਕਦਾ।'' ਫ਼ਰੀਸੀ ਯਿਸੂ ਵੱਲੋਂ ਦੁਹਰਾਏ ਗਏ ਹੁਕਮ ''ਆਪਣੇ ਪਿਤਾ ਅਤੇ ਆਪਣੀ ਮਾਤਾ ਦਾ ਆਦਰ ਕਰ'' ਦੇ ਉਲਟ ਕਰਦੇ ਸਨ।[29]

ਪਰਿਵਾਰ ਦੇ ਸੁਭਾਵਕ ਰਿਸ਼ਤੇ ਟੁੱਟਣੇ ਨਹੀਂ ਸੀ, ਭਾਵੇਂ ਅਜਿਹਾ ਸਮਾਂ ਆਉਣਾ ਸੀ ਜਦੋਂ ਸਾਡੇ ਪ੍ਰਭੂ ਦੀ ਵਫ਼ਾਦਾਰੀ ਮਾਪਿਆਂ ਨਾਲ ਵਫ਼ਾਦਾਰੀ ਤੋਂ ਵੱਧ ਹੋਣੀ ਜ਼ਰੂਰੀ ਸੀ (10:29)। ਸ਼ਰ੍ਹਾ ਦੇ ਤਹਿਤ ਪੰਜਵਾਂ ਹੁਕਮ ਤੋੜਨ ਵਾਲਿਆਂ ਲਈ ਠਹਿਰਾਈ ਗਈ ਸਜ਼ਾ ਮੌਤ ਸੀ। ਖ਼ੁਦਾ ਦਾ ਹੁਕਮ ਵਾਕ ਦੇ ਪਹਿਲੇ ਹਿੱਸੇ ਨਾਲ ਖ਼ਤਮ ਨਹੀਂ ਹੋ ਜਾਂਦਾ ਬਲਕਿ ਇਸ ਤੋਂ ਅੱਗੇ ਬੇਹੱਦ ਸਖ਼ਤ ਸਜ਼ਾ ਦੀ ਗੱਲ ਗੱਲ ਕੀਤੀ ਗਈ ਹੈ: ''ਜਿਹੜਾ ਆਪਣੇ ਪਿਤਾ ਜਾਂ ਆਪਣੀ ਮਾਤਾ ਨੂੰ ਫਿਟਕਾਰੇ ਉਹ ਜ਼ਰੂਰੀ ਮਾਰਿਆ ਜਾਵੇ'' (ਕੂਚ 20:12; 21:17)। ਯਿਸੂ ਇਹ ਸੰਕੇਤ ਦੇ ਰਿਹਾ ਹੋਵੇਗਾ ਕਿ ਫ਼ਰੀਸੀਆਂ ਨੂੰ ਖ਼ੁਦਾ ਦੀ ਸ਼ਰ੍ਹਾ ਨੂੰ ਤੋੜ ਕੇ ਉਹਦੀ ਥਾਂ ਮਨੁੱਖਾਂ ਦੀਆਂ ਬਣਾਈਆਂ ਰੀਤਾਂ ਨੂੰ ਰੱਖਣ ਤੇ ਇਹੀ ਕੁਝ ਮਿਲਣਾ ਸੀ।

ਭਗਤੀ ਭਰੀ ਜ਼ਿੰਦਗੀ ਨਾਲ ਸਬੰਧਿਤ ਸਾਡੀ ਸਿੱਖਿਆ ਨਾਲ ਬਜ਼ੁਰਗਾਂ ਨੂੰ ਇੱਜ਼ਤ ਦੇਣ ਦਾ

ਵਿਸ਼ਾ ਆਮ ਤੌਰ ਤੇ ਨਜ਼ਰਅੰਦਾਜ਼ ਕਰ ਦਿੱਤਾ ਜਾਂਦਾ ਹੈ। ਘਰ ਵਿਚ ਬੱਚਿਆਂ ਨੂੰ ਪਹਿਲਾਂ ਪੂਰੇ ਪਰਿਵਾਰ ਦੇ ਪ੍ਰਤੀ ਭਗਤੀ ਸਿਖਾਉਣਾ ਜ਼ਰੂਰੀ ਹੈ। ਉਨ੍ਹਾਂ ਨੂੰ ਨਵੇਂ ਨੇਮ ਦਾ ਇਹ ਨਿਯਮ ਸਿਖਾਇਆ ਜਾਣਾ ਚਾਹੀਦਾ ਹੈ ਕਿ ਇਕ ਦਿਨ ਉਹ ਆਪਣੇ ਮਾਪਿਆਂ ਜਾਂ ਦਾਦੀ ਦਾਦੇ ਜਾਂ ਨਾਨੀ ਨਾਨੇ ਦੀ ਦੇਖਭਾਲ ਲਈ ਜ਼ਿੰਮੇਵਾਰ ਹੋ ਸਕਦੇ ਹਨ। ਅਸੀਂ ਪੜ੍ਹਦੇ ਹਾਂ, ''ਪਰ ਜੇ ਕਿਸੇ ਵਿਧਵਾ ਦੇ ਬਾਲਕ ਅਥਵਾ ਪੋਤਰੇ ਦੋਹਤਰੇ ਹੋਣ ਤਾਂ ਓਹ ਪਹਿਲਾਂ ਆਪਣੇ ਘਰਾਣੇ ਨਾਲ ਧਰਮ ਕਮਾਉਣ ਅਤੇ ਆਪਣੇ ਮਾਪਿਆਂ ਦਾ ਹੱਕ ਅਦਾ ਕਰਨ ਕਿਉਂ ਜੋ ਪਰਮੇਸ਼ੁਰ ਦੇ ਹਜ਼ੂਰ ਇਹੋ ਪਰਵਾਨ ਹੈ'' (1 ਤਿਮੋਥਿਉਸ 5:4; ESV)।

''ਕੁਰਬਾਨ'' (Κορβᾶν, *ਕੁਰਬਾਨ*) ਸ਼ਬਦ ਉਹ ਸੀ ਜਿਸਦਾ ਮੂਲ ਅਰਥ ''ਖ਼ੁਦਾ ਨੂੰ ਅਰਪਿਆ ... ਦਾਨ''[30] ਜਾਂ ਖ਼ੁਦਾ ਨੂੰ ਦਿੱਤੀ ਗਈ ਭੇਂਟ ਜਾਂ ਖ਼ੁਦਾ ਲਈ ਚੜ੍ਹਾਈ ਗਈ ਕੋਈ ਚੀਜ਼ ਹੈ। ਕੁਰਬਾਨ ਦਾ ਪੈਸਾ ਹੈਕਲ ਵਿਚ ਜਮ੍ਹਾ ਕੀਤਾ ਜਾਂਦਾ ਸੀ ਅਤੇ ਕਿਸੇ ਪੁੱਤਰ ਵੱਲੋਂ ਇਸ ਵਿੱਚੋਂ ਕੁਝ ਵੀ ਆਪਣੇ ਮਾਪਿਆਂ ਤੇ ਖ਼ਰਚ ਕੀਤੇ ਬਗੈਰ ਵਰਤਿਆ ਜਾ ਸਕਦਾ ਸੀ। ਇਸ ਨੂੰ ਕੁਰਬਾਨ ਮੰਨੇ ਜਾਣ ਤਕ ਇਸ ਧਨ ਨੂੰ ਉਹ ਆਪਣੇ ਕਬਜ਼ੇ ਵਿਚ ਵੀ ਰੱਖ ਸਕਦਾ ਸੀ।

ਇਸ ਤੋਂ ਛੁੱਟ, ਕਿਸੇ ਨੇ ਕਰਜ਼ਾ ਦਿੱਤਾ ਜਾਵੇ ਉਹ ਆਪਣੇ ਦੇਣਦਾਰ ਨੂੰ ਇਕ ਤਰੀਕੇ ਦੇ ''ਧਾਰਮਿਕ ਬਲੈਕਮੇਲ'' ਦੀ ਵਰਤੋਂ ਕਰਦਿਆਂ ਆਖ ਸਕਦਾ ਸੀ, ''ਜਿਹੜਾ ਕਰਜ਼ਾ ਤੂੰ ਮੇਰਾ ਦੇਣਾ ਹੈ ਉਹ ਕੁਰਬਾਨ ਹੈ; ਇਸ ਕਰਕੇ ਮੈਨੂੰ ਮੋੜਨ ਲਈ ਤੂੰ ਖ਼ੁਦਾ ਦਾ ਕਰਜ਼ਦਾਰ ਹੈਂ।''[31] ਇਸ ਦੇ ਉਲਟ ਕਰਜ਼ਦਾਰ ਉਸ ਪੈਸੇ ਵਿੱਚੋਂ ਕੁਝ ਹਿੱਸਾ ਹੈਕਲ ਨੂੰ ਦੇ ਕੇ ਵੱਡਾ ਹਿੱਸਾ ਆਪਣੇ ਲਈ ਰੱਖ ਸਕਦਾ ਸੀ। ਇਹ ਈਮਾਨਦਾਰੀ ਨਾਲ ਕਰਜ਼ਾ ਮੋੜਨ ਤੋਂ ਬਚਣ ਅਤੇ ਬਜ਼ੁਰਗ ਜਾਂ ਬਿਮਾਰ ਮਾਪਿਆਂ ਦੀ ਮਦਦ ਲਈ ਆਪਣੇ ਧਨ ਨੂੰ ਵਰਤਣ ਤੋਂ ਬਚਣ ਦਾ ਇਕ ਤਰੀਕਾ ਸੀ।

ਇਹ ਪੱਕਾ ਨਹੀਂ ਹੈ ਕਿ ਕੋਈ ਗ੍ਰੰਥੀ ਅਧਿਕਾਰਿਕ ਤੌਰ ਤੇ ਅਜਿਹੀਆਂ ਰੀਤਾਂ ਦੀ ਪੈਰਵੀ ਕਰਦਾ ਸੀ ਜਾਂ ਨਹੀਂ, ਪਰ ਸਾਫ਼ ਤੌਰ ਤੇ ਇਹ ਲੋਕਾਂ ਵੱਲੋਂ ਗਲਤ ਠਹਿਰਾਏ ਜਾਣ ਜਾਂ ਸ਼ਾਇਦ ਆਮ ਲੋਕਾਂ ਦੀ ਜਾਣਕਾਰੀ ਤੋਂ ਬਗੈਰ ਕੀਤਾ ਜਾਂਦਾ ਸੀ। ਪਰ ਯਿਸੂ ਨੂੰ ਇਸ ਦਾ ਪਤਾ ਸੀ ਅਤੇ ਉਸ ਨੇ ਫ਼ਰੀਸੀਆਂ ਦਾ ਕ੍ਰੋਧ ਆਪਣੇ ਉੱਤੇ ਲੈਂਦੇ ਹੋਏ ਖੁੱਲ੍ਹ ਕੇ ਇਸ ਦੀ ਗੱਲ ਕੀਤੀ।[32]

ਇਸ ਪ੍ਰਬੰਧ ਦਾ ਕਪਟ ਐਨਾ ਬਦਨਾਮ ਸੀ ਕਿ ਬੁੱਤਪ੍ਰਸਤ ਲੋਕ ਵੀ ਇਸ ਵਿੱਚੋਂ ਦੀ ਵੇਖ ਸਕਦੇ ਸਨ। ਬਾਅਦ ਵਿਚ ਰੱਬੀਆਂ ਨੂੰ ਇਸ ਦੀਆਂ ਖਾਮੀਆਂ ਦੀ ਮੂਰਖਤਾ ਦਾ ਪਤਾ ਲਗ ਗਿਆ ਅਤੇ ਉਨ੍ਹਾਂ ਨੇ ਇਸ ਨੂੰ ਨਕਾਰ ਦਿੱਤਾ, ਭਾਵੇਂ ਯਿਸੂ ਦੇ ਸਮੇਂ ਕੁਝ ਲੋਕ ਸਾਫ਼ ਤੌਰ ਤੇ ਇਸ ਨੂੰ ਮੰਨਦੇ ਸਨ।

ਬਾਈਬਲ ਦੇ ਵਿਦਵਾਨ ਅੱਜ ਨਵੇਂ ਨੇਮ ਦੇ ਹਵਾਲਿਆਂ ਦੀਆਂ ਅਜਿਹੀਆਂ ਵਿਆਖਿਆਵਾਂ ਦੇ ਸਕਦੇ ਹਨ ਜਿਨ੍ਹਾਂ ਦੀ ਤਸਦੀਕ ਨਾ ਹੋ ਸਕੇ। ਉਨ੍ਹਾਂ ਦੀਆਂ ਥਿਊਰੀਆਂ ਨਾਲ ਕਈ ਵਾਰ ਅਰਥ ਉਸ ਨਾਲੋਂ ਜੋ ਬਾਈਬਲ ਦੱਸਦੀ ਹੈ, ਲਗਭਗ ਉਲਟਾ ਹੋ ਜਾਂਦਾ ਹੈ। ਯਹੂਦੀ ਆਗੂ ਇਸੇ ਤਰ੍ਹਾਂ ਦੇ ਪਾਪ ਦੇ ਦੋਸ਼ੀ ਸਨ।

ਆਇਤ 13. ਪਤਨਸ਼ੀਲ ਸਮਾਜ ਦੀ ਪਛਾਣ ਬਜ਼ੁਰਗਾਂ ਦੀ ਪਰਵਾਹ ਨਾ ਕਰਨਾ ਹੈ। ਯਿਸੂ ਨੇ ਕਿਹਾ ਕਿ ਮਾਪਿਆਂ ਦੀ ਇੱਜ਼ਤ ਨਾ ਕਰਨਾ **ਪਰਮੇਸ਼ੁਰ ਦੇ ਬਚਨ ਨੂੰ ਅਕਾਰਥ** ਕਰਨਾ ਹੈ। ਇਸ ਵਿਚ ਲੋੜ ਪੈਣ ਤੇ ਅਤੇ ਜਦੋਂ ਬੱਚੇ ਕਰ ਸਕਦੇ ਹੋਣ, ਆਪਣੇ ਮਾਪਿਆਂ ਦੀ ਮਦਦ ਕਰਨਾ ਸ਼ਾਮਿਲ ਹੋਵੇਗਾ। ਸਪੱਸ਼ਟ ਹੈ ਕਿ ਇੱਥੇ ਕੁਰਬਾਨ ਦੇ ਵਿਚਾਰ ਨੂੰ ਬਦਨਾਮ ਕੀਤਾ ਜਾ ਰਿਹਾ ਸੀ, ਭਾਵੇਂ ਉਸ ਦਾ ਨਾਂਅ ਨਹੀਂ ਦਿੱਤਾ ਗਿਆ।

ਹੋਰ ਬਥੇਰੇ ਇਹੋ ਜਿਹੇ ਕੰਮ ਤੁਸੀਂ ਕਰਦੇ ਹੋ[33] ਖ਼ੁਦਾ ਦੀ ਸ਼ਰ੍ਹਾ ਦੇ ਇਲਾਵਾ ਫ਼ਰੀਸੀਆਂ ਵੱਲੋਂ ਕੱਢੇ ਗਏ ਬਚਾਅ ਦੇ ਹੋਰ ਤਰੀਕਿਆਂ ਲਈ ਕਿਹਾ ਗਿਆ ਹੋ ਸਕਦਾ ਹੈ। ਯਿਸੂ ਉਨ੍ਹਾਂ ਨੂੰ ਅਤੇ ਉਨ੍ਹਾਂ ਦੀ ਸਿੱਖਿਆ ਨੂੰ ਚੰਗੀ ਤਰ੍ਹਾਂ ਨਾਲ ਜਾਣਦਾ ਸੀ, ਭਾਵੇਂ ਉਨ੍ਹਾਂ ਦੀਆਂ ਕੁਝ ਰੀਤਾਂ ਉਨ੍ਹਾਂ ਦੇ ਵਿਚਕਾਰ ਗੁਪਤ ਮੰਨੀਆਂ ਜਾਂਦੀਆਂ ਸਨ![34]

ਮੱਤੀ ਵਿਚ, ਚਰਚਾ ਦੇ ਇਸ ਭਾਗ ਵਿਚ ਅੱਗੇ ਚੇਲਿਆਂ ਦਾ ਸਵਾਲ ਹੈ, ''ਭਲਾ ਤੈਨੂੰ ਮਲੂਮ ਹੈ

ਜੋ ਫ਼ਰੀਸੀਆਂ ਨੇ ਇਹ ਗੱਲ ਸੁਣ ਕੇ ਠੋਕਰ ਖਾਧੀ'' (15: 10–20)। ਯਿਸੂ ਦੀ ਅਗਲੀ ਟਿੱਪਣੀ ਨਾਲ ਕਿ ''ਹਰੇਕ ਬੂਟਾ ਜੋ ਮੇਰੇ ਸੁਰਗੀ ਪਿਤਾ ਨੇ ਨਹੀਂ ਲਾਇਆ ਸੋ ਜੜੋਂ ਪੁਟਿਆ ਜਾਵੇਗਾ। ਉਨ੍ਹਾਂ ਨੂੰ ਜਾਣ ਦਿਓ, ਉਹ ਅੰਨ੍ਹੇ ਆਗੂ ਹਨ ਅਤੇ ਜੇ ਅੰਨ੍ਹਾ ਅੰਨ੍ਹੇ ਦਾ ਆਗੂ ਹੋਵੇ ਤਾਂ ਦੋਵੇਂ ਟੋਏ ਵਿਚ ਡਿੱਗਣਗੇ'' (ਮੱਤੀ 15: 13, 14) ਉਨ੍ਹਾਂ ਦੀ ਹੋਰ ਵੀ ਬੇਇੱਜ਼ਤੀ ਹੋਈ।

ਇੱਥੇ ਉਸ ਨੇ ਇਸ ਦੀ ਕੋਈ ਪਰਵਾਹ ਨਹੀਂ ਕੀਤੀ ਕਿ ਉਨ੍ਹਾਂ ਨੇ ਉਨ੍ਹਾਂ ਬਾਰੇ ਕਹੀ ਉਹਦੀ ਗੱਲ ਨੂੰ ਸੁਣਿਆ ਹੈ ਜਾਂ ਨਹੀਂ। ਉਹਨੇ ਲਗਭਗ ਉਨ੍ਹਾਂ ਨੂੰ ਚੁਣੌਤੀ ਦੇ ਦਿੱਤੀ ਕਿ ਉਹ ਉਸ ਨੂੰ ਮਾਰ ਸੁੱਟਣ ਦਾ ਕਾਰਣ ਲੱਭਣ।

''ਬਾਹਰੋਂ ਕੋਈ ਚੀਜ਼ ਆਦਮੀ ਨੂੰ ਅਸ਼ੁੱਧ ਨਹੀਂ ਕਰ ਸਕਦੀ'' (7:14-16)[35]

14ਉਸ ਨੇ ਲੋਕਾਂ ਨੂੰ ਫੇਰ ਕੋਲ ਸੱਦ ਕੇ ਉਨ੍ਹਾਂ ਨੂੰ ਆਖਿਆ, ਤੁਸੀਂ ਸਭ ਦੇ ਸਭ ਮੇਰੀ ਸੁਣੋ ਅਤੇ ਸਮਝੋ 15ਇਹੋ ਜਿਹੀ ਕੋਈ ਚੀਜ਼ ਨਹੀਂ ਹੈ ਜਿਹੜੀ ਮਨੁੱਖ ਦੇ ਬਾਹਰੋਂ ਉਹਦੇ ਅੰਦਰ ਜਾਕੇ ਉਹਨੂੰ ਭਰਿਸ਼ਟ ਕਰ ਸੱਕੇ 16ਪਰ ਜਿਹੜੀਆਂ ਚੀਜ਼ਾਂ ਉਹਦੇ ਅੰਦਰੋਂ ਨਿੱਕਲਦੀਆਂ ਹਨ ਓਹੋ ਮਨੁੱਖ ਨੂੰ ਭਰਿਸ਼ਟ ਕਰਦੀਆਂ ਹਨ।

ਆਇਤ 14. ਜ਼ਬਾਨੀ ਰੀਤ ਦੇ ਇਖ਼ਤਿਆਰ ਤੇ ਕੀਤੇ ਗਏ ਆਪਣੇ ਹਮਲੇ ਦਾ ਕਾਰਣ ਦੱਸਣ ਲਈ ਯਿਸੂ ਨੇ **ਲੋਕਾਂ ਨੂੰ ਕੋਲ ਸੱਦ** ਲਿਆ। ਉਸ ਨੇ ਆਖਿਆ, ''**ਤੁਸੀਂ ਸਭ ਦੇ ਸਭ ਮੇਰੀ ਸੁਣੋ ਅਤੇ ਸਮਝੋ।**'' ਇਹ ਮੁਸ਼ਕਿਲ ਵਿਸ਼ਾ ਜਿਹਦੀ ਉਹਨੇ ਗੱਲ ਕੀਤੀ, ਤਦੇ ਸਮਝ ਵਿਚ ਆ ਸਕਦਾ ਸੀ ਜੇ ਉਹਦੇ ਸੁਣਨ ਵਾਲੇ ਮਨ ਲਾ ਕੇ ਕੋਸ਼ਿਸ਼ ਕਰਦੇ।

ਚੇਲਿਆਂ ਨੇ ਸਚਮੁਚ ਫ਼ਰੀਸੀਆਂ ਦੀ ਰੀਤ ਦੇ ਮੁਤਾਬਿਕ ਹੱਥ ਧੋਤੇ ਬਗੈਰ ਖਾਣਾ ਖਾਧਾ ਸੀ। ਸਵਾਲ ਇਹ ਸੀ ਕਿ ਇਹ ਖ਼ੁਦਾ ਦੀ ਨਜ਼ਰ ਵਿਚ ਪਾਪ ਸੀ ਜਾਂ ਨਹੀਂ। ਜੇ ਰਸਮੀ ਸ਼ਰ੍ਹਾ (ਭਾਵ ਜ਼ਬਾਨੀ ਰੀਤ) ਸਹੀ ਸੀ ਤਾਂ ਚੇਲੇ ਗਲਤ ਸਨ।

ਭਾਵੇਂ ਯਿਸੂ ਨੇ ਫ਼ਰੀਸੀਆਂ ਨੂੰ ਮਾਪਿਆਂ ਨੂੰ ਇੱਜ਼ਤ ਦੇਣ ਤੋਂ ਬਚਣ ਦੇ ਉਨ੍ਹਾਂ ਦੇ ਤਰੀਕੇ ਬਾਰੇ ਉਲਝਣ ਬਾਰੇ ਪਾ ਦਿੱਤਾ ਸੀ, ਪਰ ਇਸ ਨਾਲ ਉਹਦੇ ਚੇਲੇ ਸਹੀ ਨਹੀਂ ਠਹਿਰ ਗਏ। ਆਪਣੀ ਕਾਰਵਾਹੀ ਦੇ ਬਚਾਅ ਵਿਚ, ਇਹ ਵਿਖਾਉਣ ਲਈ ਕਿ ਲਿਖਤੀ ਸ਼ਰ੍ਹਾ ਦਾ ਉਲੰਘਣ ਕਿਵੇਂ ਸੀ, ਯਿਸੂ ਨੂੰ ਜ਼ਬਾਨੀ ਸ਼ਰ੍ਹਾ ਦੇ ਪੂਰੇ ਢਾਂਚੇ ਤੇ ਹਮਲਾ ਕਰਨਾ ਪਿਆ।

ਜੇ ਬਾਈਬਲ ਦੇ ਇਖ਼ਤਿਆਰ ਦੀ ਸਾਡੀ ਵਿਆਖਿਆ ਦਾ ਅਧਾਰ ਰੀਤਾਂ ਹੋਣਗੀਆਂ ਸਨ ਤਾਂ ਲਿਖਤੀ ਬਾਈਬਲ ਦੇ ਹੋਣ ਦਾ ਕੀ ਮਤਲਬ ਹੋਣਾ ਸੀ? ਇਸ ਸੂਚੀ ਤੋਂ ਪਤਾ ਲਗਦਾ ਹੈ ਕਿ ਨਵੇਂ ਨੇਮ ਵਿਚ ਖ਼ੁਦਾ ਦੇ ਮੁਕਾਸ਼ਫ਼ੇ ਦੇ ਵਿਰੋਧ ਵਿਚ ਮਨੁੱਖਾਂ ਦੀਆਂ ਰੀਤਾਂ ਕੀ ਕਰਦੀਆਂ ਹਨ:

ਮਨੁੱਖਾਂ ਦੀਆਂ ਰੀਤਾਂ	**ਖ਼ੁਦਾ ਦੀ ਸਚਿਆਈ**
ਬਾਹਰੀ ਰੂਪਾਂ ਦੀ ਗੁਲਾਮੀ	ਅੰਦਰੂਨੀ ਵਿਸ਼ਵਾਸ ਦੀ ਅਜ਼ਾਦੀ
ਨਿਕੰਮੇ ਨਿਯਮ	ਬੁਨਿਆਦੀ ਨਿਯਮ
ਵਿਖਾਵਟੀ ਭਗਤੀ	ਅਸਲ ਅੰਦਰੂਨੀ ਪਵਿੱਤਰਤਾਈ
ਖ਼ੁਦਾ ਦੇ ਵਚਨ ਦੀ ਥਾਂ	ਖ਼ੁਦਾ ਦੇ ਵਚਨ ਨੂੰ ਉੱਚਿਆਂ ਕਰਨਾ[36]

ਖ਼ੁਦਾ ਦੇ ਹੁਕਮਾਂ ਦੀ ਥਾਂ ਰੀਤ ਜਾਂ ਰਸਮ ਨੂੰ ਦੇਣਾ, ਸਾਫ਼ ਤੌਰ ਤੇ ਖ਼ੁਦਾ ਦੇ ਹੁਕਮ ਨੂੰ ਤੋੜਨ ਦਾ ਕਾਰਣ ਬਣਦਾ ਹੈ।

ਆਇਤ 15. ਯਿਸੂ ਦਾ ਐਲਾਨ ਕਿ ਮਨੁੱਖ ਨੂੰ ਕਿਹੜੀ ਗੱਲ ਅਸ਼ੁੱਧ ਕਰਦੀ ਹੈ, ਯਹੂਦੀਆਂ

ਲਈ ਦੰਗ ਕਰ ਦੇਣ ਵਾਲਾ ਸੀ। ਉਸ ਨੇ ਆਖਿਆ, **''ਇਹੋ ਜਿਹੀ ਕੋਈ ਚੀਜ਼ ਨਹੀਂ ਹੈ ਜਿਹੜੀ ਮਨੁੱਖ ਦੇ ਬਾਹਰੋਂ ਉਹਦੇ ਅੰਦਰ ਜਾਕੇ ਉਹਨੂੰ ਭਰਿਸ਼ਟ ਕਰ ਸੱਕੇ।''** ਬਹੁਤੀ ਸੰਭਾਵਨਾ ਇਹ ਹੈ ਕਿ ਕਿਸੇ ਰੂੜੀਵਾਦੀ ਯਹੂਦੀ ਨੇ ਯਿਸੂ ਦੇ ਉਪਦੇਸ਼ ਨੂੰ ਨਹੀਂ ਮੰਨਿਆ ਹੋਵੇਗਾ। ਲੇਵੀਆਂ 11 ਵਿਚ ਉਨ੍ਹਾਂ ਜਾਨਵਰਾਂ ਦੀ ਲੰਮੀ ਫ਼ਹਰਿਸਤ ਹੈ ਜਿਨ੍ਹਾਂ ਨੂੰ ''ਅਸ਼ੁੱਧ'' ਆਖਿਆ ਗਿਆ ਭਾਵ ਜਿਹੜੇ ਮਨੁੱਖ ਦੇ ਖਾਣ ਦੇ ਲਾਇਕ ਨਹੀਂ ਸਨ। ਦੂਜੀ ਸਦੀ ਮਸੀਹ ਤੋਂ ਪਹਿਲਾਂ ਦੇ ਸ਼ੁਰੂ ਵਿਚ ਅੰਤਿਓਕੁਸ ਚੌਥੇ (''ਏਪੀਫ਼ੇਨਸ'') ਨੇ ਯਹੂਦੀ ਵਿਸ਼ਵਾਸ ਨੂੰ ਖ਼ਤਮ ਕਰ ਦੇਣ ਦੀ ਕੋਸ਼ਿਸ਼ ਕੀਤੀ। ਇਸ ਦੌਰਾਨ ਉਸ ਨੇ ਯਹੂਦੀਆਂ ਨੂੰ ਸੂਰ ਦਾ ਮਾਸ ਖਾਣ ਲਈ ਮਜਬੂਰ ਕੀਤਾ ਸੀ।[37] ਸੈਂਕੜੇ ਯਹੂਦੀਆਂ ਨੇ ਆਪਣੇ ਵਿਸ਼ਵਾਸ ਦੇ ਖ਼ਿਲਾਫ਼ ਇਹ ਅਪਰਾਧ ਕਰਨਾ ਮੰਨਣ ਦੀ ਥਾਂ ਮਰ ਜਾਣਾ ਕਬੂਲ ਕੀਤਾ। 164 ਈ.ਪੂ. ਵਿਚ ਮਾਦਾ ਵਿਚ ਇਕ ਮੁਹਿੰਮ ਦੌਰਾਨ ਅੰਤਿਓਕੁਸ ਏਪੀਫ਼ੇਨਸ ਦੀ ਮੌਤ ਹੋ ਗਈ।[38] ਯਹੂਦੀਆਂ ਨੇ ਇਹੀ ਮੰਨਿਆ ਹੋਵੇਗਾ ਕਿ ਖ਼ੁਦਾ ਨੇ ਆਪਣੀ ਚੁਣੀ ਹੋਈ ਕੌਮ ਨਾਲ ਬਦਸਲੂਕੀ ਕਰਨ ਲਈ ਰਾਜੇ ਦੀ ਮੌਤ ਖ਼ੁਦਾਈ ਇੰਤਜ਼ਾਮ ਦੇ ਮੁਤਾਬਿਕ ਕਰਵਾਈ।

ਯਿਸੂ ਦੇ ਸੁਣਨ ਵਾਲਿਆਂ ਲਈ, ਉਹਦੀ ਗੱਲ ਨੂੰ ਮੰਨ ਲੈਣ ਦਾ ਮਤਲਬ ਲਗਭਗ ਇਹੀ ਸੀ ਕਿ ਉਹ ਆਪਣੇ ਇਤਿਹਾਸ ਨੂੰ ਨਕਾਰ ਦੇਣ। ਉਹਦੇ ਸਭ ਤੋਂ ਨਜ਼ਦੀਕੀ ਚੇਲੇ ਵੀ ਉਹਦੀ ਗੱਲ ਮੰਨਣ ਨੂੰ ਸ਼ਾਇਦ ਹੀ ਤਿਆਰ ਸਨ। ਯਿਸੂ ਰਸਮੀ ਅਸ਼ੁੱਧਤਾ ਦੀ ਧਾਰਣਾ ਨੂੰ ਹੀ ਖ਼ਤਮ ਕਰਨ ਦੀ ਤਿਆਰੀ ਕਰ ਰਿਹਾ ਸੀ। ਰਸਮੀ ਸ਼ੁੱਧਤਾ ਦੀ ਮੂਸਾ ਦੀ ਸ਼ਰ੍ਹਾ ਦੀਆਂ ਸ਼ਰਤਾਂ ਨੂੰ ਮੰਨਣ ਦੀ ਅਹਿਮੀਅਤ ਨੂੰ ਯਿਸੂ ਨੇ ਕਦੇ ਵੀ ਘੱਟ ਨਹੀਂ ਕੀਤਾ। ਫਿਰ ਵੀ ਉਸ ਨੇ ਸੰਕੇਤ ਦਿੱਤਾ ਕਿ ''ਸ਼ੁੱਧ'' ਅਤੇ ''ਅਸ਼ੁੱਧ'' ਦੇ ਫ਼ਰਕਾਂ ਨੂੰ ਮਿਟਾਉਣ ਦਾ ਸਮਾਂ ਆ ਚੁੱਕਿਆ ਸੀ।

ਖ਼ੁਦਾ ਦੇ ਆਪਣੇ ਲੋਕਾਂ ਨਾਲ ਵਿਹਾਰਾਂ ਦੇ ਬਾਲਪੁਣੇ ਦੇ ਸਮੇਂ ਲਈ ਰਸਮੀ ਨਿਯਮ ਹੈ ਸੀ। ਇਹ ਉਨ੍ਹਾਂ ਦੇ ਇਕ ਵੱਖਰੀ ਅਤੇ ਖ਼ਾਸ ਕੌਮ ਅਤੇ ਜਾਤੀ ਬਣਨ ਲਈ ਉਨ੍ਹਾਂ ਦੀ ਲੋੜ ਸੀ। ਇਨ੍ਹਾਂ ਨਿਯਮਾਂ ਨਾਲ ਯਹੂਦੀਆਂ ਨੂੰ ਗੈਰਕੌਮਾਂ ਨਾਲੋਂ ਅਲਹਿਦਾ ਬਣਾਈ ਰੱਖਣ ਵਿਚ ਮਦਦ ਮਿਲੀ। ਯਹੂਦੀਆਂ ਨੂੰ ਕਿਸੇ ਗੈਰਕੌਮ ਦੇ ਘਰ ਵਿਚ ਖਾਣਾ ਖਾਣ ਦੀ ਵੀ ਇਜਾਜ਼ਤ ਨਹੀਂ ਸੀ। ਇਸ ਵਿਚ ਸਾਫ਼-ਸਫ਼ਾਈ ਅਤੇ ਸਿਹਤ ਦੇ ਕਾਰਣ ਹੋ ਸਕਦੇ ਹਨ। ਗਲਾਤੀਆਂ 4:9 ਵਿਚ ਪੌਲੁਸ ਨੇ ਇਨ੍ਹਾਂ ਗੱਲਾਂ ਨੂੰ ਬਿਲਕੁਲ ਠੀਕ ਹੀ ''ਨਿਰਬਲ ਅਤੇ ਨਿਕੰਮੀਆਂ'' ਗੱਲਾਂ ਕਿਹਾ, ਜਿਹਦਾ ਵੱਖੋ-ਵੱਖ ਸੰਸਕਰਣਾਂ ਵਿਚ ਇਸ ਤਰ੍ਹਾਂ ਅਨੁਵਾਦ ਹੋਇਆ ਹੈ, ''ਕਮਜ਼ੋਰ ਅਤੇ ਤੁੱਛ ਗੱਲਾਂ'' (NKJV), ''ਕਮਜ਼ੋਰ ਅਤੇ ਨਿਕੰਮੀਆਂ ਸ਼ਕਤੀਆਂ'' (NIV), ''ਕਮਜ਼ੋਰ ਅਤੇ ਸੰਸਾਰ ਦੇ ਬੇਕਾਰ ਬੁਨਿਆਦੀ ਨਿਯਮ'' ਜਾਂ ''ਕਮਜ਼ੋਰ ਅਤੇ ਨਿਕੰਮੀਆਂ ਮੂਲ ਗੱਲਾਂ'' (NIV)। ਰਸਮੀ ਅਸ਼ੁੱਧਤਾ ਨਾਲ ਆਤਮਾ ਭ੍ਰਸ਼ਟ ਨਹੀਂ ਹੋ ਸਕਦੀ।

ਫ਼ਰੀਸੀਆਂ ਨੂੰ ਯਿਸੂ ਦੀ ਗੱਲ ਸਮਝ ਵਿਚ ਨਹੀਂ ਆਈ। ਉਨ੍ਹਾਂ ਨੂੰ ਲੱਗਾ ਕਿ ਯਿਸੂ ''ਪਾਪੀਆਂ'' ਨਾਲ ਖਾਣ ਲਈ ਘਿਰਣਾਯੋਗ ਹੈ। ਉਨ੍ਹਾਂ ਦਾ ਮੰਨਣਾ ਸੀ ਕਿ ਉਨ੍ਹਾਂ ਨਾਲ ਉਹਦੀ ਸੰਗਤੀ ਨੇ ਉਸ ਨੂੰ ਭਰਸ਼ਟ ਕਰ ਦਿੱਤਾ ਹੈ। ਪਤਰਸ ਲਈ ਕਿਸੇ ਗੈਰਕੌਮ ਦੇ ਘਰ ਵਿਚ ਵੜਨ ਦੀ ਗੱਲ ਇਸੇ ਰਵੱਈਏ ਕਰਕੇ ਐਨੀ ਚੌਂਕਾ ਦੇਣ ਵਾਲੀ ਸੀ।

ਖਾਣ ਤੋਂ ਪਹਿਲਾਂ ਹੱਥ ਨਾ ਧੋਣਾ ਹੋ ਸਕਦਾ ਹੈ ਕਿ ਬਹੁਤ ਚੰਗੀ ਆਦਤ ਨਾ ਹੋਵੇ ਪਰ ਇਹ ਕਿਸੇ ਨੂੰ ਖ਼ੁਦਾ ਦੀ ਨਜ਼ਰ ਵਿਚ ''ਪਾਪੀ'' ਨਹੀਂ ਬਣਾ ਦਿੰਦਾ। ਫ਼ਰੀਸੀਆਂ ਦਾ ਮੰਨਣਾ ਸੀ ਕਿ ਰਸਮੀ ਸ਼ੁੱਧਤਾ ਦੀ ਉਨ੍ਹਾਂ ਦੀ ਸਖ਼ਤ ਵਿਆਖਿਆ ਨੂੰ ਨਾ ਮੰਨਣ ਵਾਲਾ ਆਦਮੀ ਆਪਣੇ ਆਪ ਨੂੰ ਪਾਪੀ ਅਤੇ ਉਨ੍ਹਾਂ ਦੀ ਸੰਗਤੀ ਦੇ ਅਯੋਗ ਹੋ ਜਾਂਦਾ ਸੀ। ਫਿਰ ਵੀ ਰਸਮੀ ਅਸ਼ੁੱਧਤਾ ਰੂਹਾਨੀ ਅਸ਼ੁੱਧਤਾ ਦਾ ਸਿਰਫ਼ ਇਕ ਪ੍ਰਤੀਕ ਸੀ ਜਿਹੜਾ ਪਾਪ ਦੇ ਰਾਹੀਂ ਪ੍ਰਬਲ ਹੁੰਦਾ ਹੈ। ''ਸ਼ੁੱਧ'' ਅਤੇ ''ਅਸ਼ੁੱਧ'' ਦਾ ਪੂਰਾ ਯਹੂਦੀ ਪ੍ਰਬੰਧ ਯਿਸੂ ਦੀ ਇਸ ਸਿੱਖਿਆ ਵਿਚ ਕਿ ਕਿਸੇ ਨੂੰ ਅਸਲ ਵਿਚ ਅਸ਼ੁੱਧ ਕਿਹੜੀ ਚੀਜ਼ ਕਰਦੀ ਹੈ, ਪੂਰਾ ਹੋ ਗਿਆ।

ਆਇਤ 16. ਯਿਸੂ ਦੀ ਟਿੱਪਣੀ ਕਿ **''ਜਿਹਦੇ ਸੁਣਨ ਦੇ ਕੰਨ ਹੋਣ ਸੋ ਸੁਣੇ''** ਸੁਝਾਅ ਦਿੰਦੀ ਹੈ ਕਿ ਉਹਦੀ ਗੱਲ ਨੂੰ ਸੁਣ ਕੇ ਸਮਝਣ ਦੀ ਜ਼ਿੰਮੇਵਾਰੀ ਉਹਦੇ ਸੁਣਨ ਵਾਲਿਆਂ ਦੀ ਸੀ।[39] ਜੇ ਅਸੀਂ ਆਪਣੇ ਉੱਤੇ ਸਹੀ ਢੰਗ ਨਾਲ ਲਾਗੂ ਕਰੀਏ ਤਾਂ ਮੁਸ਼ਕਿਲ ਵਿਸ਼ੇ ਵੀ ਸਮਝ ਵਿਚ ਆ ਸਕਦੇ ਹਨ। ਯਿਸੂ ਦੀ ਇਹੀ ਸਿੱਖਿਆ ਹੈ ਅਤੇ ਸਾਨੂੰ ਉਹਦੀਆਂ ਗੱਲਾਂ ਨੂੰ ਸਹੀ ਢੰਗ ਨਾਲ ਸੁਣਨ ਲਈ ਤਿਆਰ ਹੋਣਾ ਜ਼ਰੂਰੀ ਹੈ।

ਮਨੁੱਖ ਨੂੰ ਅਸਲ ਵਿਚ ਭਰਿਸ਼ਟ ਕਿਹੜੀ ਗੱਲ ਕਰਦੀ ਹੈ (7:17-23)[40]

[17]ਜਾਂ ਉਹ ਲੋਕਾਂ ਦੇ ਕੋਲੋਂ ਘਰ ਵਿੱਚ ਗਿਆ ਤਾਂ ਉਹਦੇ ਚੇਲੇਆਂ ਨੇ ਉਹ ਦ੍ਰਿਸ਼ਟਾਂਤ ਉਸ ਤੋਂ ਪੁੱਛਿਆ [18]ਤਾਂ ਉਸ ਨੇ ਉਨ੍ਹਾਂ ਨੂੰ ਕਿਹਾ, ਭਲਾ, ਤੁਸੀਂ ਵੀ ਅਜੇਹੇ ਨਿਰਬੁੱਧ ਹੋ? ਕੀ ਤੁਸੀਂ ਨਹੀਂ ਸਮਝਦੇ ਭਈ ਜੋ ਕੁਝ ਬਾਹਰੋਂ ਮਨੁੱਖ ਵਿੱਚ ਜਾਂਦਾ ਹੈ ਸੋ ਉਹਨੂੰ ਭਰਿਸ਼ਟ ਨਹੀਂ ਕਰ ਸੱਕਦਾ? [19]ਕਿਉਂਕਿ ਉਹ ਉਸ ਦੇ ਦਿਲ ਵਿੱਚ ਨਹੀਂ ਪਰ ਢਿੱਡ ਵਿੱਚ ਜਾਂਦਾ ਹੈ ਅਤੇ ਸੇਦਖਾਨੇ ਵਿੱਚ ਨਿੱਕਲ ਜਾਂਦਾ ਹੈ। ਇਹ ਕਹਿ ਕੇ ਉਹ ਨੇ ਸਾਰੇ ਭੋਜਨ ਸ਼ੁੱਧ ਠਹਿਰਾਏ [20]ਫੇਰ ਓਨ ਆਖਿਆ, ਜੋ ਮਨੁੱਖ ਦੇ ਅੰਦਰੋਂ ਨਿੱਕਲਦਾ ਹੈ ਸੋਈ ਮਨੁੱਖ ਨੂੰ ਭਰਿਸ਼ਟ ਕਰਦਾ ਹੈ [21]ਕਿਉਂਕਿ ਅੰਦਰੋਂ ਮਨੁੱਖ ਦੇ ਦਿਲ ਵਿੱਚੋਂ ਬੁਰੇ ਖਿਆਲ, ਹਰਾਮਕਾਰੀਆਂ [22]ਚੋਰੀਆਂ, ਖੂਨ, ਜ਼ਨਾਹਕਾਰੀਆਂ, ਲੋਭ, ਬਦੀਆਂ, ਛਲ, ਮਸਤੀ, ਬੁਰੀ ਨਜ਼ਰ, ਕੁਫ਼ਰ, ਹੰਕਾਰ, ਮੂਰਖਤਾਈ ਨਿੱਕਲਦੀ ਹੈ [23]ਇਹ ਸਾਰੀਆਂ ਬੁਰੀਆਂ ਗੱਲਾਂ ਅੰਦਰੋਂ ਨਿੱਕਲਦੀਆਂ ਅਤੇ ਮਨੁੱਖ ਨੂੰ ਭਰਿਸ਼ਟ ਕਰਦੀਆਂ ਹਨ।

ਆਇਤ 17. ਯਿਸੂ ਦੇ **ਚੇਲਿਆਂ ਨੇ ਉਹ ਦ੍ਰਿਸ਼ਟਾਂਤ ਉਸ ਤੋਂ ਪੁੱਛਿਆ।** ਜ਼ਾਹਿਰ ਤੌਰ ਤੇ ਉਹ ਇਨ੍ਹਾਂ ਗੱਲਾਂ ਨਾਲ ਜਿਹੜੀਆਂ ਯਰੂਸ਼ਲਮ ਦੇ ਧਾਰਮਿਕ ਵਿਦਵਾਨਾਂ ਦੀਆਂ ਸਿੱਖਿਆਵਾਂ ਨਾਲੋਂ ਬਿਲਕੁਲ ਫ਼ਰਕ ਸਨ ਸਦਮੇ ਵਿਚ ਆ ਗਏ ਸਨ। ''ਦ੍ਰਿਸ਼ਟਾਂਤ'' (ਪੈਰਾਬੋਲ) ਸ਼ਬਦ ਬੇਮਿਸਾਲ ਢੰਗ ਨਾਲ ਵਰਤਿਆ ਗਿਆ ਹੈ। ਕਰਨਾਘਨ ਨੇ ਲਿਖਿਆ ਹੈ, ''ਮਰਕੁਸ 7:14–23 ਨੂੰ ਸਨਕ ਭਰਿਆ ਦ੍ਰਿਸ਼ਟਾਂਤ ਕਿਹਾ ਜਾ ਸਕਦਾ ਹੈ। ਇਸ ਵਿਚ ਮਰਕੁਸ ਵਿਚਲੇ ਹੋਰਨਾਂ ਦ੍ਰਿਸ਼ਟਾਂਤਾਂ ਦਾ ਰੂਪ ਹੈ ਪਰ ਸਾਰ ਨਹੀਂ।''[41] ਇਸ ਵਿਰਤਾਂਤ ਵਿਚ ਇਹ ਕੋਈ ''ਕਹਾਣੀ'' ਨਹੀਂ ਬਲਕਿ ਸਮਝਣ ਵਾਲੀ ਨਵੀਂ ਸਚਿਆਈ ਹੈ। ਯਿਸੂ ਨੇ ਕਿਸੇ ਗੱਲ ਲਈ ਜਿਸਨੂੰ ਸਮਝਣਾ ਮੁਸ਼ਕਿਲ ਹੁੰਦਾ, ਇਸੇ ਸ਼ਬਦ ਨੂੰ ਵਰਤਿਆ, ਜੋ ਕਿ ''ਕਹਾਵਤ'' ਸੀ ਜਿਹੜੀ ਕੁਝ ਹੱਦ ਤਕ ਲੁਕੀ ਹੋਈ ਸੀ।[42]

ਚੇਲਿਆਂ ਨੇ, ''ਦ੍ਰਿਸ਼ਟਾਂਤ'' ਬਾਰੇ ਪੁੱਛਿਆ ਜੋ ਇਸ ਬਾਰੇ ਸੀ ਕਿ ਕਿਹੜਾ ਕਿਹੜਾ ਭੋਜਨ ਖਾਧਾ ਜਾ ਸਕਦਾ ਹੈ, ਇਕ ਨਵੀਂ ਅਤੇ ਅਨੋਖੀ ਸਿੱਖਿਆ (ਕਿਸੇ ਵਫ਼ਾਦਾਰ ਯਹੂਦੀ ਲਈ) ਸੀ। ਯਿਸੂ ਦੀ ਸਿੱਖਿਆ ਦਾ ਇਹ ਤਰੀਕਾ ਕਈ ਵਾਰ ਉਨ੍ਹਾਂ ਲਈ ਉਲਝਾਉਣ ਵਾਲਾ ਹੁੰਦਾ ਸੀ ਅਤੇ ਉਨ੍ਹਾਂ ਨੂੰ ਯਕੀਨ ਨਹੀਂ ਆਉਂਦਾ ਸੀ ਕਿ ਯਿਸੂ ਦੀ ਜਿਸ ਗੱਲ ਨੂੰ ਉਹ ਸੁਣ ਰਹੇ ਸਨ ਉਹ ਅਸ਼ੁੱਧਤਾ ਦੇ ਪ੍ਰਚੱਲਿਤ ਨਿਯਮਾਂ ਦੇ ਉਲਟ ਹੈ।

ਆਇਤ 18, 19. ਯਿਸੂ ਆਪਣੇ ਚੇਲਿਆਂ ਨਾਲ ਬੜੀ ਬੇਕਾਬੀ ਨਾਲ ਗੱਲ ਕਰਦਾ ਸੀ, ਉਨ੍ਹਾਂ ਨੂੰ ''ਮੰਦਬੁੱਧੀ'' ਵੀ ਆਖ ਦਿੰਦਾ ਸੀ: **''ਭਲਾ, ਤੁਸੀਂ ਵੀ ਅਜੇਹੇ ਨਿਰਬੁੱਧ ਹੋ?''** ਬਾਅਦ ਵਿਚ ਆਤਮਾ ਮਿਲਣ ਤੇ ਉਨ੍ਹਾਂ ਨੂੰ ਪੂਰੀ ਸਮਝ ਆ ਜਾਣੀ ਸੀ (ਯੂਹੰਨਾ 14:26; 16:13)। ਜਦ ਕੋਈ ਮਸੀਹ ਵਿਚ ਬਦਲ ਜਾਂਦਾ ਹੈ ਤਾਂ ਉਹ ਹੋਰ ਵੀ ਸਮਝਣ ਦੇ ਯੋਗ ਹੋ ਜਾਂਦਾ ਹੈ। ਰਸੂਲਾਂ ਨੂੰ ''ਮੁਕਾਸ਼ਫ਼ਾ'' ਅਤੇ ''ਇਲਹਾਮ'' ਮਿਲਿਆ ਸੀ। ਅੱਜ ਦੇ ਮਸੀਹੀ ਲੋਕਾਂ ਨੂੰ ਇਨ੍ਹਾਂ ਦੋਹਾਂ ਵਿੱਚੋਂ ਕੋਈ ਨਹੀਂ ਮਿਲਦਾ, ਅਤੇ ਜਿਵੇਂ ਕਿ ਆਮ ਤੌਰ ਤੇ ਦਾਅਵਾ ਕੀਤਾ ਜਾਂਦਾ ਹੈ ਨਾ ਹੀ ਸਾਨੂੰ ਕੋਈ

''ਰੌਸ਼ਨੀ'' ਦਿਸਦੀ ਹੈ। ਜਦ ਅਸੀਂ ਸਚਿਆਈ ਦੀ ਗੱਲ ਮੰਨ ਲੈਂਦੇ ਹਾਂ ਤਾਂ ਅਸੀਂ ਬਾਈਬਲ ਵਿਚ ਦੱਸੀਆਂ ਗਈਆਂ ਸਚਿਆਈਆਂ ਤੋਂ ਹੋਰ ਚੰਗੀ ਤਰ੍ਹਾਂ ਨਾਲ ਵਾਕਫ਼ ਹੋ ਜਾਂਦੇ ਹਾਂ। ਪ੍ਰਭੂ ਦੇ ਕੰਮ ਵਿਚ ਹੋਰ ਦਿਲਚਸਪੀ ਲੈਂਦੇ ਹੋਏ ਅਤੇ ਉਹਦੇ ਵਰਗੇ ਹੋਰ ਬਣਕੇ ਅਸੀਂ ''ਗਿਆਨ ਵਿਚ ਵਧਦੇ'' ਜਾਂਦੇ ਹਾਂ। ਇਸ ਨਵੇਂ ਰਵੱਈਏ ਨਾਲ ਅਸੀਂ ਉਵੇਂ ਵਧਾਂਗੇ ਜਿਵੇਂ 2 ਪਤਰਸ 1:5–10 ਵਿਚ ਹੁਕਮ ਦਿੱਤਾ ਗਿਆ ਹੈ, ਜਿੱਥੇ ਵਧਣ ਦੇ ਕੁਝ ਕਦਮ ਦਿੱਤੇ ਗਏ ਹਨ। ਜਦ ਅਸੀਂ ਸਰਗਰਮ *ਅਗਾਪੇ* ਪ੍ਰੇਮ ਵਿਚ ਨਿਹਚਾ ਦੇ ਸਿਖਰ ਤਕ ਪਹੁੰਚ ਜਾਂਦੇ ਹਾਂ (2 ਪਤਰਸ 1:7) ਤਾਂ ਸਾਨੂੰ ਹੋਰ ਗਿਆਨ ਅਤੇ ''ਕਦੇ ਠੋਕਰ ਨਾ ਖਾਣ'' ਦੀ ਕਾਬਲੀਅਤ ਨਾਲ ਫਲਦਾਈ ਹੋਣ ਦੇ ਦੋ ਫ਼ਜ਼ਲਾਂ ਦਾ ਯਕੀਨ ਦੁਆਇਆ ਜਾਂਦਾ ਹੈ (2 ਪਤਰਸ 1:10)।

ਮੱਤੀ 15:12 ਦੱਸਦਾ ਹੈ ਕਿ ਚੇਲਿਆਂ ਨੇ ਯਿਸੂ ਨੂੰ ਕੁਝ ਸਾਵਧਾਨੀ ਵਰਤਣ ਲਈ ਆਖਿਆ ਕਿਉਂ ਜੋ ਫ਼ਰੀਸੀਆਂ ਨੂੰ ਉਹਦੀ ਸਿੱਖਿਆ ਤੋਂ ਬੜੀ ਨਰਾਜ਼ਗੀ ਹੋਈ। ਜਵਾਬ ਵਿਚ ਯਿਸੂ ਹੋਰ ਵੀ ਸਖ਼ਤ ਹੋ ਗਿਆ। ਕਈ ਵਾਰ ਝੂਠੀ ਸਿੱਖਿਆ ਦੇਣ ਵਾਲਿਆਂ ਤੋਂ ਬਾਹਰ ਨਿੱਕਲ ਆਉਣਾ ਸਹੀ ਹੁੰਦਾ ਹੈ। ਉਦਾਹਰਣ ਲਈ ਮੱਤੀ 15:13, 14 ਵਿਚ ਯਿਸੂ ਨੇ ਆਪਣੇ ਚੇਲਿਆਂ ਨੂੰ ਸਲਾਹ ਦਿੱਤੀ ਕਿ ''ਉਨ੍ਹਾਂ ਨੂੰ ਜਾਣ ਦਿਓ।'' ਕਿਉਂ? ਕਿਉਂ ਜੋ ਇਕ ਰੂਹਾਨੀ ਪੱਧਰ ਤੇ ਉਹ ''ਅੰਨ੍ਹੇ ਆਗੂ'' ਸਨ। ਚੇਲਿਆਂ ਨੂੰ ਫ਼ਰੀਸੀਆਂ ਦੀ ਸਿੱਖਿਆ ਤੋਂ ਚੌਕਸ ਰਹਿਣਾ ਜ਼ਰੂਰੀ ਸੀ; ਪਰ ਉਨ੍ਹਾਂ ਨੂੰ ਉਨ੍ਹਾਂ ਤੋਂ ਡਰਨ ਦੀ ਲੋੜ ਨਹੀਂ ਸੀ, ਕਿਉਂ ਜੋ ਛੇਤੀ ਹੀ ਲੋਕਾਂ ਉੱਤੇ ਉਨ੍ਹਾਂ ਦਾ ਇਖ਼ਤਿਆਰ ਨਹੀਂ ਰਹਿਣਾ ਸੀ। ਯਿਸੂ ਨੇ ਆਖਿਆ, ''ਹਰੇਕ ਬੂਟਾ ਜੋ ਮੇਰੇ ਸੁਰਗੀ ਪਿਤਾ ਨੇ ਨਹੀਂ ਲਾਇਆ ਸੋ ਜੜ੍ਹੋਂ ਪੁੱਟਿਆ ਜਾਵੇਗਾ।'' ਉਹਨੂੰ ਪਤਾ ਸੀ ਕਿ ਫ਼ਰੀਸੀਆਂ ਦੀ ਝੂਠੀ ਸਿੱਖਿਆ ਅਤੇ ਕਪਟ ਉਨ੍ਹਾਂ ਦੇ ਆਪਣੇ ਨਾਸ ਦਾ ਕਾਰਣ ਬਣਨੇ ਸਨ। ਫਿਰ ਵੀ ਜਿਵੇਂ ਮਰਕੁਸ 7:18 ਵਿਚ ਯਿਸੂ ਨੇ ਕੀਤਾ, ਸਖ਼ਤ ਸੰਦੇਸ਼ ਨਾਲ ਝੂਠੀ ਸਿੱਖਿਆ ਦੇਣ ਵਾਲਿਆਂ ਦਾ ਸਾਹਮਣਾ ਕਰਨ ਦਾ ਇਕ ਸਮਾਂ ਹੈ।

ਯਿਸੂ ਨੇ ''ਫ਼ਰੀਸੀਆਂ ਅਤੇ ਸਦੂਕੀਆਂ ਦੇ ਖ਼ਮੀਰ ਤੋਂ ਹੁਸ਼ਿਆਰ'' ਰਹਿਣ ਦੀ ਸਿੱਖਿਆ ਦੇਣ ਤੋਂ ਬਾਅਦ (ਮੱਤੀ 16:6), ਸਪੱਸ਼ਟ ਕੀਤਾ ਕਿ ਉਹ ਕੀ ਕਹਿ ਰਿਹਾ ਸੀ। ''ਤਦ ਉਹ ਸਮਝੇ ਭਈ ਉਸ ਨੇ ਰੋਟੀ ਦੇ ਖ਼ਮੀਰ ਤੋਂ ਨਹੀਂ ਸਗੋਂ ਫ਼ਰੀਸੀਆਂ ਅਤੇ ਸਦੂਕੀਆਂ ਦੀ ਸਿੱਖਿਆ ਤੋਂ ਹੁਸ਼ਿਆਰ ਰਹਿਣ ਨੂੰ ਆਖਿਆ ਸੀ'' (ਮੱਤੀ 16:11, 12)। ''ਫ਼ਰੀਸੀਆਂ ਦਾ ਖ਼ਮੀਰ'' ਇਹ ਹੋ ਸਕਦਾ ਹੈ ਕਿ ''ਨਿਆਂ ਸੰਗਤ ਢੰਗ ਨਾਲ ਉਨ੍ਹਾਂ ਨੂੰ ਆਪਣੇ ਆਪ ਵਿਚ ਐਨਾ ਯਕੀਨ ਹੋਵੇਗਾ ਕਿ ਉਹ ਖ਼ੁਦਾ ਦੀ ਇੱਛਾ ਨੂੰ ਪੂਰਾ ਕਰਨ ਲਈ ਤਿਆਰ ਨਹੀਂ ਸਨ। ਇਹ ਨਿਰਾ ਕਪਟ ਹੈ।''[43]

''ਕੀ ਤੁਸੀਂ ਨਹੀਂ ਸਮਝਦੇ ਭਈ ਜੋ ਕੁਝ ਬਾਹਰੋਂ ਮਨੁੱਖ ਵਿੱਚ ਜਾਂਦਾ ਹੈ ਸੋ ਉਹਨੂੰ ਭਰਿਸ਼ਟ ਨਹੀਂ ਕਰ ਸੱਕਦਾ? ਕਿਉਂਕਿ ਉਹ ਉਸ ਦੇ ਦਿਲ ਵਿੱਚ ਨਹੀਂ ਪਰ ਢਿੱਡ ਵਿੱਚ ਜਾਂਦਾ ਹੈ ਅਤੇ ਸੇਦਖਾਨੇ ਵਿੱਚ ਨਿੱਕਲ ਜਾਂਦਾ ਹੈ।'' ਇਸ ਸੰਦਰਭ ਵਿਚ ਕਹੀ ਜਾ ਰਹੀ ਯਿਸੂ ਦੀ ਗੱਲ ਵਿਚ ਮਰਕੁਸ ਨੇ ਜੋੜਿਆ: (**ਇਹ ਕਹਿ ਕੇ ਉਹ ਨੇ ਸਾਰੇ ਭੋਜਨ ਸ਼ੁੱਧ ਠਹਿਰਾਏ।**) ਸਮੇਂ ਦੇ ਇਸ ਪਲ ਤੇ ਯਿਸੂ ਨੇ ਇਹ ਨਹੀਂ ਆਖਿਆ ਕਿ ਸਾਰੇ ਭੋਜਨ ਸ਼ੁੱਧ ਹਨ; ਪਰ ਪਤਰਸ ਲਈ ਇਕ ਗੈਰਕੌਮ ਵਿਅਕਤੀ ਕੁਰਨੇਲਿਉਸ ਦੇ ਘਰ ਵਿਚ ਇੰਜੀਲ ਸੁਨਾਉਣ ਲਈ ਜਾਣ ਤੋਂ ਪਹਿਲਾਂ ਉਹ ਕਰਤੱਬ 10:9–16 ਵਾਲੇ ਉਸ ਦੇ ਦਰਸ਼ਣ ਵਿਚ ਹੋਈ ਰਾਹ ਪੱਧਰਾ ਕਰਨਾ ਸ਼ੁਰੂ ਕਰ ਰਿਹਾ ਸੀ। ਪਹਿਲੀ ਵਾਰ ਇਹ ਸਿੱਖਿਆ ਦਿੱਤੇ ਜਾਣ ਤੇ ਰਸੂਲਾਂ ਨੂੰ ਇਹਦੀ ਸਮਝ ਪੂਰੀ ਤਰ੍ਹਾਂ ਨਾਲ ਨਹੀਂ ਆਈ ਸੀ।

ਕਰਤੱਬ 10:13–15 ਸਾਨੂੰ ਪਤਾ ਲਗਦਾ ਹੈ ਕਿ ਪੁਰਾਣੇ ਨੇਮ ਦੇ ਸਮਿਆਂ ਵਿਚ ''ਅਸ਼ੁੱਧ'' ਭੋਜਨਾਂ ਦੇ ਖਾਣ ਦੀ ਪਾਬੰਦੀ ਕਲੀਸੀਆ ਦੇ ਲੋਕਾਂ ਉੱਤੇ ਲਾਗੂ ਨਹੀਂ ਹੋਣੀ ਸੀ। ਪਤਰਸ ਨੇ ਆਪਣੇ ਉੱਤੇ ਜਾਂ ਗੈਰਕੌਮਾਂ ਵਿਚ ਆਉਣ ਵਾਲਿਆਂ ਉੱਤੇ ਸ਼ਰ੍ਹਾ ਨਹੀਂ ਥੋਪਣੀ ਸੀ। ਰਸੂਲਾਂ ਦੇ ਕਰਤੱਬ ਵਿਚ ਇਹ ਘਟਨਾਵਾਂ ਇਹ ਸਿਖਾਉਣ ਤੋਂ ਅੱਗੇ ਵਧ ਗਈਆਂ ਕਿ ਸਾਰੇ ਭੋਜਨ ਸ਼ੁੱਧ ਹਨ (ਸ਼ੁੱਧ ਕਰਦੇ

ਹੋਏ); ਖ਼ੁਦਾ ਮਜ਼ਬੂਤੀ ਨਾਲ ਆਖ ਰਿਹਾ ਸੀ ਕਿ ਗੈਰਕੌਮਾਂ ਦਾ ਰਾਜ ਵਿਚ ਸਵਾਗਤ ਹੈ (ਕਰਤੱਬ 11:18), ਭਾਵੇਂ ਇਸ ਸਚਿਆਈ ਅਜੇ ਜ਼ਿਆਦਾਤਰ ਮਸੀਹੀ ਯਹੂਦੀਆਂ ਦੀ ਸਮਝ ਵਿਚ ਨਹੀਂ ਆਈ।

ਪੁਰਾਣੇ ਨੇਮ ਦੀ ਥਾਂ ਨਵੇਂ ਨੇਮ ਦੇ ਆ ਜਾਣ ਤੇ ਲੋਕਾਂ, ਖ਼ਾਸਕਰ ਗੈਰਕੌਮਾਂ ਤੇ ਖ਼ੁਦਾ ਦੀਆਂ ਮੰਗਾਂ ਜ਼ਬਰਦਸਤ ਤਰੀਕੇ ਨਾਲ ਬਦਲ ਗਈਆਂ। ਪਤਰਸ ਨੂੰ ਇਹ ਸਬਕ ਤੀਹਰੇ ਦਰਸ਼ਣ ਦੇ ਰਾਹੀਂ ਸਮਝ ਆਉਣਾ ਸੀ (ਕਰਤੱਬ 10; 11)। ਇਹ ਨਿਯਮ ਦੱਸੇ ਜਾਣ ਦੇ ਕਾਫ਼ੀ ਦੇਰ ਬਾਅਦ ਤਕ ਉਹਨੇ ਕੋਸ਼ਰ ਘਰ ਵਿਚ ਰੱਖਿਆ ਹੋਵੇਗਾ (ਕਰਤੱਬ 10:14)। ਕਿਸੇ ਦੇ ਅਜਿਹਾ ਕਰਨ ਵਿਚ ਉਦੋਂ ਤਕ ਕੋਈ ਬੁਰਿਆਈ ਨਹੀਂ ਸੀ ਜਦੋਂ ਤਕ ਉਹ ਇਸ ਨੂੰ ਗੈਰਕੌਮਾਂ ਉੱਤੇ ਨਾ ਥੋਪਦਾ ਹੋਵੇ, ਜਿਨ੍ਹਾਂ ਨੂੰ ਕਦੇ ਸ਼ਰ੍ਹਾ ਦੱਸੀ ਨਹੀਂ ਗਈ ਜਾਂ ਜਿਨ੍ਹਾਂ ਨੂੰ ਉਹ ਗੈਰਕੌਮ ਆਖ ਕੇ ਤੁੱਛ ਮੰਨਦੇ ਸਨ।

''ਸਾਰੇ ਭੋਜਨ ਸ਼ੁੱਧ'' ਹਨ, ਕਥਨ ਦੀ ਸਹੀ ਸਮਝ ਰੋਮ ਦੇ ਮਸੀਹੀਆਂ ਲਈ, ਜਿਨ੍ਹਾਂ ਦੇ ਪੁਰਖੇ ਯਹੂਦੀ ਸਨ, ਮਦਦਗਾਰ ਰਹੀ ਹੋਵੇਗੀ। ਰੋਮ ਦੇ ਬਹੁਤ ਸਾਰੇ ਭਾਈਆਂ ਨੂੰ ਜਿਨ੍ਹਾਂ ਨੂੰ ਯਹੂਦੀ ਰਸਮਾਂ ਰਿਵਾਜ਼ਾਂ ਦੀ ਐਨੀ ਜਾਣਕਾਰੀ ਨਹੀਂ ਸੀ, ਇਹ ਤੱਥ ਵੀ ਜਾਣਨਾ ਜ਼ਰੂਰੀ ਸੀ।[44] ਇਹ ਸਚਿਆਈ ਨਾ ਸਿਰਫ਼ ਫ਼ਰੀਸੀਆਂ ਦੇ ਰਸਮੀ ਨਿਯਮਾਂ ਦੇ ਖ਼ਿਲਾਫ਼ ਸੀ ਬਲਕਿ ਮੂਸਾ ਦੇ ਉਨ੍ਹਾਂ ਸਾਰੇ ਨਿਯਮਾਂ ਦੇ ਖ਼ਿਲਾਫ਼ ਵੀ ਲੱਗੀ ਜਿਨ੍ਹਾਂ ਦੇ ਅਧਾਰ ਤੇ ਉਨ੍ਹਾਂ ਦਾ ਮੰਨਣਾ ਸੀ ਕਿ ਉਨ੍ਹਾਂ ਦੇ ਸਾਫ਼-ਸਫ਼ਾਈ ਦੇ ਨਿਯਮ ਬਣੇ ਸਨ। ਇਹ ਸਮਝਾਉਂਦੇ ਹੋਏ ਕਿ ਖ਼ੁਦਾ ਦਾ ਅਸਲ ਇਰਾਦਾ ਮਨ ਨੂੰ ਸਾਫ਼ ਕਰਨਾ ਸੀ ਨਾ ਕਿ ਸਿਰਫ਼ ਰਸਮੀ ਤੌਰ ਤੇ ਸਰੀਰ ਨੂੰ ਸਾਫ਼ ਕਰਨਾ, ਯਿਸੂ ''ਸ਼ਰ੍ਹਾ ਨੂੰ ਪੂਰਾ ਕਰ ਰਿਹਾ'' ਸੀ (ਮੱਤੀ 5:17-19)।

ਇਕ ਤਰ੍ਹਾਂ ਨਾਲ ਮੱਤੀ 5:17, 18 ਵਿਚ ਯਿਸੂ ਨੇ ਆਪਣੀ ਗੱਲ ਕਿ ''ਮੈਂ ਖੰਡਨ ਨਹੀਂ ਸਗੋਂ ਪੂਰਿਆਂ ਕਰਨ ਨੂੰ ਆਇਆ ਹਾਂ'' ਨੂੰ ਸਪੱਸ਼ਟ ਕੀਤਾ। ਪੂਰਾ ਹੋ ਜਾਣ ਤੋਂ ਬਾਅਦ ਸਖ਼ਤ ਨਿਯਮ ਨੂੰ ਜੋ ਕਿ ਸ਼ਰ੍ਹਾ ਸੀ, ਹਟਾ ਦਿੱਤਾ ਗਿਆ। ਪ੍ਰੇਮ ਦੀ ਆਤਮਾ ਪ੍ਰਭੂ ਦੇ ਸੇਵਕ ਦੇ ਰੂਪ ਵਿਚ ਜੀਣਾ ਅਸਾਨ ਬਣਾ ਦਿੰਦੀ ਹੈ। ਧਾਰਮਿਕਤਾ ਵਿਚ ਗ੍ਰੰਥੀਆਂ ਤੇ ਫ਼ਰੀਸੀਆਂ ਨਾਲੋਂ ਵਧਣ ਦੀ ਮਸੀਹ ਦੀ ਤਾੜਨਾ (ਮੱਤੀ 5:20) ਦਾ ਮਤਲਬ ਜ਼ਰੂਰੀ ਨਹੀਂ ਕਿ ਉਸ ਤੋਂ ਵਧ ਕੇ ਕਰਨਾ ਹੋਵੇ, ਬਲਕਿ ਬਾਈਬਲ ਦੀ ਸਿੱਖਿਆ ਦੇ ਅਧਾਰ ਤੇ ਜੋ ਕੁਝ ਅਸੀਂ ਆਪਣੇ ਮਨਾਂ ਵਿਚ ਵਿਸ਼ਵਾਸ ਕਰਦੇ ਹਾਂ ਉਹ ਸੱਚੇ ਦਿਲੋਂ ਕਰਨਾ ਹੈ, ਤਾਂ ਜੋ ਰੋਜ਼ ਮੱਰਾ ਦੀ ਜ਼ਿੰਦਗੀ ਵਿੱਚੋਂ ਸਾਡੇ ਅੰਤਹਕਰਣ ਵਿਚ ਸਹੀ ਤਰੀਕੇ ਨਾਲ ਜਵਾਬ ਦੇਣ। ਫਿਰ ਅਸੀਂ ਸਿਰਫ਼ ਬਾਹਰੀ ਤੌਰ ਤੇ ਹੀ ਸਹੀ ਨਹੀਂ ਹੋਵਾਂਗੇ।

ਮਸੀਹ ਦੀ ਸਿੱਖਿਆ ਅਤੇ ਜ਼ਿੰਦਗੀ ਨੇ ਪੁਰਾਣੇ ਨੇਮ ਦੇ ਨੈਤਿਕ ਨਿਯਮਾਂ ਨੂੰ ਨਵੀਂ ਗਹਿਰਾਈ ਦੇ ਦਿੱਤੀ। ਸਭ ਕੁਝ ਦਿਲੋਂ ਹੋ ਕੇ, ਜਿੱਥੇ ਸ਼ਰ੍ਹਾ ਲਿਖੀ ਹੋਣੀ ਚਾਹੀਦੀ ਹੈ, ਕਰਨ ਦੀ ਉਹਦੀ ਵੱਡੀ ਸਿੱਖਿਆ, ਸ਼ਰ੍ਹਾ ਦੇ ਪੂਰਾ ਹੋਣ ਵੱਲ ਇਸ਼ਾਰਾ ਕਰਦੀ ਸੀ (ਵੇਖੋ ਯਿਰਮਿਯਾਹ 31:31-34; ਇਬਰਾਨੀਆਂ 8:8-12)।

ਕਈਆਂ ਦਾ ਮੰਨਣਾ ਹੈ ਕਿ ਸ਼ਰ੍ਹਾ ਦਾ ਕਥਿਤ ''ਰਸਮੀ'' (ceremonial) ਹਿੱਸਾ ਹਟਾਇਆ ਗਿਆ, ਪਰ ''ਨੈਤਿਕ'' (moral) ਸਿੱਖਿਆਵਾਂ ਵਾਲਾ ਨਹੀਂ (ਜਿਸ ਵਿਚ ਉਨ੍ਹਾਂ ਦਾ ਦਾਅਵਾ ਹੈ ਕਿ ਸੱਬਤ ਦਾ ਨਿਯਮ ਆਉਂਦਾ ਸੀ)। ਪਰ ਬਾਈਬਲ ਵਿਚ ਕਿਸੇ ''ਨੈਤਿਕ'' ਨਿਯਮ ਦੀ ਗੱਲ ਨਹੀਂ ਕੀਤੀ ਗਈ, ਜਿਸ ਨੂੰ ਪੂਰਾ ਕਰਕੇ ਹਟਾਇਆ ਨਾ ਗਿਆ ਹੋਵੇ। ਇਨ੍ਹਾਂ ਹਵਾਲਿਆਂ ਵਿਚ ਜਿੱਥੇ ਮਸੀਹੀ ਲੋਕਾਂ ਦੇ ਸਬੰਧ ਵਿਚ ਮੂਸਾ ਦੀ ਸ਼ਰ੍ਹਾ ਦੇ ਪੂਰਾ ਹੋਣ ਅਤੇ ਖ਼ਤਮ ਹੋਣ ਦੀ ਗੱਲ ਕੀਤੀ ਗਈ ਹੈ, ਦੋ ਹਿੱਸਿਆਂ ਵਾਲੀ (ਨੈਤਿਕ ਅਤੇ ਰਸਮੀ) ਸ਼ਰ੍ਹਾ ਦਾ ਕੋਈ ਨਿਯਮ ਨਹੀਂ ਮਿਲਦਾ।

ਇਬਰਾਨੀਆਂ ਦੀ ਕਿਤਾਬ ''ਨੈਤਿਕ'' ਅਤੇ ''ਰਸਮੀ'' ਹੁਕਮਾਂ ਵਿਚ ਅਜਿਹਾ ਫ਼ਰਕ ਕੀਤੇ ਬਗੈਰ ਸ਼ਰ੍ਹਾ ਦੇ ਅੰਤ ਦਾ ਐਲਾਨ ਕਰਦੀ ਹੈ (7:12-14, 18, 19; 8:13)। ਇਹੀ ਵਿਚਾਰ 2 ਕੁਰਿੰਥੀਆਂ 3:4-6 ਵਿਚ ਮਿਲਦਾ ਹੈ। ਪੁਰਾਣੇ ਨੇਮ ਦੀ ਇਹ ਸਿੱਖਿਆ ਉਹਦੀ ਤਿਆਰੀ ਵਿਚ ਸੀ ਜੋ ਨਵੇਂ ਨਵੇਂ ਨੇਮ ਵਿਚ ਹੋਣ ਵਾਲਾ ਸੀ। ਇਸ ਕਰਕੇ ਸਲੀਬ ਉੱਤੇ ਸ਼ਰ੍ਹਾ ਆਪਣੇ ਆਪ ਹੀ

ਖ਼ਤਮ ਹੋ ਗਈ (ਅਫ਼ਸੀਆਂ 2:14–16; ਕੁਲੁੱਸੀਆਂ 2:14)। ਪੌਲੁਸ ਨੇ ਕੁਰਿੰਥੀਆਂ ਨੂੰ ਦੱਸਿਆ ਕਿ ਨਵੇਂ ਨੇਮ ਦਾ ਤੇਜ ਐਨਾ ਵੱਧ ਸੀ ਕਿ ਇਸ ਨੇ ਪੁਰਾਣੇ ਨੇਮ ਦੇ ਤੇਜ ਨੂੰ ਜ਼ੀਰੋ ਕਰ ਦਿੱਤਾ (ਵੇਖੋ 2 ਕੁਰਿੰਥੀਆਂ 3:10)।

ਸ਼ਰ੍ਹਾ ਲਈ ਰੋਮੀਆਂ 7:1–7 ਵਿਚ ਪੌਲੁਸ ਨੇ ਆਖਿਆ ਕਿ ਅਸੀਂ ਉਹਦੇ ਲਈ ''ਮਰ ਗਏ'' ਹਾਂ, ਉਸ ਵਿਚ ''ਲਾਲਚ ਨਾ ਕਰ'' ਦਾ ਹੁਕਮ ਸੀ। ਲਾਲਚ ਨਾ ਕਰਨ ਨੂੰ ਯਕੀਨਨ ''ਨੈਤਿਕ ਨਿਯਮ'' ਵਿਚ ਗਲਤ ਠਹਿਰਾਇਆ ਗਿਆ। ਜ਼ਾਹਿਰ ਤੌਰ ਤੇ ਪੌਲੁਸ ਦੇ ਕਹਿਣ ਦਾ ਮਤਲਬ ਇਹ ਨਹੀਂ ਸੀ ਕਿ ਨਵੇਂ ਨੇਮ ਵਿਚ ਲਾਲਚ ਕਰਨਾ ਸਹੀ ਦੱਸਿਆ ਗਿਆ ਹੈ। ਉਹਦੇ ਕਹਿਣ ਦਾ ਮਤਲਬ ਸਿਰਫ਼ ਐਨਾ ਸੀ ਕਿ ਅਸੀਂ ''ਸਿੱਧ ਅਮਲਾਂ'' ਦੀ ਸ਼ਰ੍ਹਾ ਦੇ ਨਹੀਂ ਬਲਕਿ ਉਸ ਸ਼ਰ੍ਹਾ ਦੇ ਤਹਿਤ ਹਾਂ ਜਿਹੜੀ ਯਿਸੂ ਦੇ ਸਭ ਤੋਂ ਵੱਡੇ ਹੁਕਮ ਤੇ ਜ਼ੋਰ ਦਿੰਦੀ ਹੈ ਕਿ ''ਤੂੰ ਪ੍ਰਭੁ ਆਪਣੇ ਪਰਮੇਸ਼ੁਰ ਨੂੰ ਆਪਣੇ ਸਾਰੇ ਦਿਲ ਨਾਲ ਪਿਆਰ ਕਰ।'' ਯਿਸੂ ਦੇ ਹੁਕਮਾਂ ਵਿਚ ਅਗਲਾ ਇਹ ਹੈ ਕਿ ''ਤੂੰ ਆਪਣੇ ਗੁਆਂਢੀ ਨੂੰ ਆਪਣੇ ਜਿਹਾ ਪਿਆਰ ਕਰ'' (ਮੱਤੀ 22:37–40)। ਜੇ ਕੋਈ ਅਪਣੇ ਗੁਆਂਢੀ ਨਾਲ ਸਚਮੁਚ ਪਿਆਰ ਕਰੇ ਤਾਂ ਉਹਦੀਆਂ ਚੀਜ਼ਾਂ ਦੀ ਚੋਰੀ ਨਹੀਂ ਕਰੇਗਾ। ਜਿਸ ਸ਼ਰ੍ਹਾ ਵਿਚ ਇਹ ਹੁਕਮ ਸੀ, ''ਲਾਲਚ ਨਾ ਕਰ'' (ਕੂਚ 20:17), ਓਸੇ ਵਿਚ ਇਹ ਵੀ ਕਿਹਾ ਗਿਆ ਸੀ, ''ਤੂੰ ਸੱਬਤ ਦੇ ਦਿਨ ਨੂੰ ਪਵਿੱਤਰ ਜਾਣ ਕੇ ਚੇਤੇ ਰੱਖ'' (ਕੂਚ 20:8)। ਇਹ ਦੋਵੇਂ ਨਿਯਮ ਉਸ ਸ਼ਰ੍ਹਾ ਦਾ ਹਿੱਸਾ ਹਨ ਜਿਹਦੇ ਲਈ ਅਸੀਂ ਮਸੀਹੀ ਲੋਕ ''ਮਰੇ ਹੋਏ'' ਹਨ।[45]

ਆਇਤਾਂ 20-22. ਫ਼ਰੀਸੀਆਂ ਨੂੰ ਲਗਦਾ ਸੀ ਕਿ ਉਹ ਸ਼ੁੱਧ ਹਨ ਕਿਉਂ ਜੋ ਉਹ ਅਸ਼ੁੱਧ ਭੋਜਨ ਨਹੀਂ ਖਾਂਦੇ ਸਨ, ਪਰ ਯਿਸੂ ਵਿਖਾ ਰਿਹਾ ਸੀ ਕਿ **ਜੋ ਮਨੁੱਖ ਦੇ ਅੰਦਰੋਂ ਨਿੱਕਲਦਾ ਹੈ ਸੋਈ ਮਨੁੱਖ ਨੂੰ ਭਰਿਸ਼ਟ ਕਰਦਾ ਹੈ।** 7:21, 22 ਵਿਚ ਬੁਰਿਆਈਆਂ ਦੀ ਫ਼ਹਰਿਸਤ ਵਿਚ ਉਹ ਗੱਲਾਂ ਦੱਸੀਆਂ ਗਈਆਂ ਹਨ ਜਿਹੜੀਆਂ **ਅੰਦਰੋਂ** ਭਰਿਸ਼ਟ ਕਰਦੀਆਂ ਹਨ। ਉਨ੍ਹਾਂ ਕੰਮਾਂ ਦਾ ਵਰਣਨ ਕਰਦਿਆਂ ਜਿਹੜੇ ਆਦਮੀ ਦੇ ਅੰਦਰੋਂ ਨਿੱਕਲਦੇ ਹਨ ਨਾ ਕਿ ਕਿਸੇ ਭੋਜਨ ਨੂੰ ਖਾਣ ਨਾਲ, ਪਹਿਲੀਆਂ ਛੇ ਬੁਰਿਆਈਆਂ ਬਹੁਵਚਨ ਰੂਪ ਵਿਚ ਹਨ। ਇਨ੍ਹਾਂ ਕੰਮਾਂ ਨੂੰ ਕਰਨ ਦੀ ਲਾਲਸਾ **ਮਨੁੱਖ ਦੇ ਦਿਲ ਵਿੱਚੋਂ** ਨਿੱਕਲਦੀ ਹੈ ਨਾ ਕਿ ਪੇਟ ਵਿੱਚੋਂ।[46] ਇਨ੍ਹਾਂ ਵਿੱਚੋਂ ਹਰ ਗੱਲ ਰੂਹਾਨੀ ਅਸ਼ੁੱਧਤਾ ਦਾ ਕਾਰਣ ਬਣਦੀ ਹੈ, ਨਾ ਕਿ ਬਾਹਰੀ ਅਸ਼ੁੱਧਤਾ ਦਾ।

ਬੁਰੇ ਖ਼ਿਆਲ ਅੰਦਰੋਂ ਨਿੱਕਲਣ ਵਾਲੇ ਹਰ ਬਾਹਰੀ ਕੰਮ ਲਈ, ਪਾਪ ਦੀ ਜੜ੍ਹ ਹਨ (ਵੇਖੋ ਯਾਕੂਬ 1:13, 14)। ਹੋ ਸਕਦਾ ਹੈ ਕਿ ''ਬੁਰੇ (κακός, *ਕਾਕੋਸ*) ਮਨੁੱਖ ਦੀ ਬੁਰੀ ਸੋਚ ਲਈ ਕਿਹਾ ਗਿਆ ਹੋਵੇ। ਭਾਵ ਇਸ ਸ਼ਬਦ ਨੂੰ ''ਛੱਤਰੀਨੁਮਾ ਸ਼ਬਦ ਜਿਸ ਵਿਚ ਸਾਰੇ ਸ਼ਬਦ ਆ ਜਾਂਦੇ ਹਨ'' ਵਰਗਾ ਮੰਨਿਆ ਜਾ ਸਕਦਾ ਹੈ।[47]

ਹਰਾਮਕਾਰੀਆਂ (πορνεία, *ਪੋਰਨੀਆ*) ਇਕ ਪਾਪ ਹੈ ਜਿਹਨੂੰ ਆਮ ਅਰਥ ਵਿਚ ''ਨਜਾਇਜ਼ ਸਰੀਰਕ ਸੰਭੋਗ'' ਦੱਸਿਆ ਜਾਂਦਾ ਹੈ।[48] *ਪੋਰਨੀਆ* ਸ਼ਬਦ ਵਿਭਚਾਰ ਨਾਲੋਂ ਵਿਆਪਕ ਹੈ ਕਿਉਂ ਜੋ ਇਸ ਵਿਚ ਹਰ ਤਰ੍ਹਾਂ ਦਾ ਸਰੀਰਕ ਪਾਪ ਆ ਜਾਂਦਾ ਹੈ। ਵਿਲੀਅਮ ਬਾਰਕਲੇ ਨੇ ਇਸ ਨੂੰ ''ਸਰੀਰਕ ਬੁਰਿਆਈ ਵਿਚ ਆਉਣ ਵਾਲੇ ਹਰ ਤਰੀਕੇ'' ਦੇ ਰੂਪ ਵਿਚ ਵੇਖਿਆ।[49] ਇਸ ਵਿਚ ਵਿਭਚਾਰ, ਬਦਫ਼ਹਿਲੀ, ਸਮਲੈਂਗਿਕਤਾ ਅਤੇ ਹੈਵਾਨੀਅਤ ਸਭ ਆ ਜਾਂਦੇ ਹਨ। ਹਰ ਕੋਈ ਇਸ ਗੱਲ ਨਾਲ ਸਹਿਮਤ ਹੈ ਕਿ ਵਿਆਹ ਤੋਂ ਪਹਿਲਾਂ ਸੈਕਸ ਸਣੇ, ਵਿਆਹ ਤੋਂ ਬਾਹਰ ਦਾ ਹਰ ਤਰ੍ਹਾਂ ਦਾ ਸਰੀਰਕ ਸੰਭੋਗ ਇਸ ਸ਼ਬਦ ਵਿਚ ਸਮਾਂ ਜਾਂਦਾ ਹੈ।

ਚੋਰੀਆਂ (κλοπή, *ਕਲੋਪ ਤੋਂ*) ਯਹੂਦਾ ਵਰਗੇ ਉੱਚਕਿਆਂ ਦੇ ਰਾਹੀਂ ਕੀਤੀਆਂ ਜਾਂਦੀਆਂ ਹਨ (ਯੂਹੰਨਾ 12:6)। ਦੁਕਾਨ ਤੋਂ ਚੋਰੀ ਕਰਨ ਅਤੇ ਕੰਮ ਤੋਂ ਜੀ ਚੁਰਾਉਣ ਨੂੰ ਇਸੇ ਸ਼੍ਰੇਣੀ ਵਿਚ ਵੇਖਣਾ ਚਾਹੀਦਾ ਹੈ।

ਖੂਨ (φόνος, *ਫ਼ੋਨੋਸ*) ਨਫ਼ਰਤ ਜਾਂ ਵਿਗੜੇ ਵਿਹਾਰ ਵਾਲੇ ਮਨ ਚੋਂ ਨਿੱਕਲਦਾ ਹੈ। ਨਹੀਂ ਤਾਂ ਅਜਿਹੇ ਕੰਮਾਂ ਨੂੰ ਆਤਮ ਰੱਖਿਆ ਜਾਂ ਅਚਾਨਕ ਹੋਇਆ ਕਤਲ ਮੰਨਿਆ ਜਾਂਦਾ ਸੀ। ਬੈਤਲਹਮ ਦੇ ਬੱਚਿਆਂ ਦਾ ਕਤਲ ਖ਼ਤਰਨਾਕ ਸੀ, ਪਰ ਇਹ ਗਰਭਪਾਤ ਨਾਲ ਅਣਜੰਮੇ ਬੇਸ਼ੁਮਾਰ ਬੱਚਿਆਂ ਦੇ ਕਤਲ ਨਾਲੋਂ ਵਧ ਕੇ ਨਹੀਂ ਸੀ! ਲੋਕਾਂ ਦੀ ਬਹੁਗਿਣਤੀ ਇਸ ਨੂੰ ਕਤਲ ਮੰਨੇ ਜਾਂ ਨਾ ਪਰ ਖ਼ੁਦਾ ਦੀ ਨਜ਼ਰ ਵਿਚ ਇਹ ਖੂਨ ਹੀ ਹੈ।

ਜ਼ਨਾਹਕਾਰੀਆਂ (μοιχεία, *ਮੋਇਖਿਆ*) ਵਿਆਹੇ ਜਾਂ ਅਣਵਿਆਹੇ ਆਦਮੀ ਦੇ ਕਿਸੇ ਵਿਆਹੀ ਹੋਈ ਔਰਤ ਨਾਲ ਸਰੀਰਕ ਸੰਭੋਗ ਕਰਨ ਨੂੰ ਕਿਹਾ ਗਿਆ ਹੈ।[50] ਇਸ ਕਰਕੇ ਉਹਦੇ ਨਾਲ ਸ਼ਾਮਿਲ ਔਰਤ ਵਿਭਚਾਰਣ ਹੈ। ਤਲਾਕ ਦੇ ਵਿਰੋਧ ਵਿਚ ਨਿਯਮ ਲਈ ਇਹ ਪਾਪ ਇਕ ਛੂਟ ਦਿੰਦਾ ਸੀ, ਜਿਵੇਂ ਕਿ ਯਿਸੂ ਨੇ ਦੱਸਿਆ (ਵੇਖੋ ਮੱਤੀ 5:32 ਅਤੇ 19:9)। ਇਹ ਕਿਸੇ ਵੀ ਪਾਪ ਨਾਲੋਂ ਵਧ ਕੇ ਵਿਆਹ ਨੂੰ ਤੋੜਨ ਦਾ ਕਾਰਣ ਬਣਦਾ ਹੈ!

ਲੋਭ (πλεονεξία, *ਪਲੇਯੋਨੇਕਸੀਆ*) ਦਾ ਸਬੰਧ ਲਾਲਚ ਵਿੱਚੋਂ **ਨਿੱਕਲਣ** ਨਾਲ ਹੈ। ਕਿਸੇ ਹੋਰ ਦੀ ਹੋਣ ਕਰਕੇ ਕਿਸੇ ਚੀਜ਼ ਨੂੰ ਹਾਸਿਲ ਕਰਨ ਦੀ ਲਾਲਸਾ। ਜਿਸ ਨੂੰ ਪਾਉਣ ਦਾ ਸਾਡਾ ਕੋਈ ਨੈਤਿਕ ਅਧਿਕਾਰ ਨਾ ਹੋਵੇ, ਲੋਭ ਹੈ ਅਤੇ ਆਮ ਤੌਰ ਤੇ ਇਹ ਚੋਰੀ ਦਾ ਕਾਰਣ ਬਣਦਾ ਹੈ।

ਬਦੀਆਂ ਬੁਰੇ ਕੰਮ ਕਰਨ ਵਾਲਿਆਂ ਦੇ ਵਿਹਾਰ ਲਈ ਆਮ ਸੰਦਰਭ ਹੈ, ਜਿਨ੍ਹਾਂ ਨੂੰ ਅਜਿਹੀਆਂ ਬੁਰਿਆਈਆਂ ਕਰਨਾ ਚੰਗਾ ਲਗਦਾ ਹੈ, ਜਿਹੜੀਆਂ ਤ੍ਰਾਸਦੀ ਬਣ ਜਾਂਦੀਆਂ ਹਨ। ਇਹ πονηρός (*ਪੋਨੇਰੋਸ*) ਤੋਂ ਲਿਆ ਗਿਆ πονηρία (*ਪੋਨੇਰੀਆ*) ਸ਼ਬਦ ਹੈ ਅਤੇ ਇਹਦੀ ਵਰਤੋਂ ''ਦੁਸ਼ਟ'' ਲਈ ਕੀਤੀ ਜਾਂਦੀ ਹੈ ਜੋ ਕਿ ''ਸ਼ਤਾਨ ਨੂੰ ਦਿੱਤਾ ਗਿਆ ਨਾਂਅ ਹੈ'' (ਯੂਹੰਨਾ 17:15)। 2 ਥੱਸਲੁਨੀਕੀਆਂ 3:3 ਵਿਚ ਇਸੇ ਨਾਂਅ ਦੀ ਵਰਤੋਂ ਹੋਈ ਹੈ: ''ਪਰੰਤੂ ਪ੍ਰਭੂ ਵਫ਼ਾਦਾਰ ਹੈ ਜਿਹੜਾ ਤੁਹਾਨੂੰ ਦ੍ਰਿੜ੍ਹ ਕਰੇਗਾ ਅਤੇ ਦੁਸ਼ਟ ਤੋਂ ਬਚਾਈ ਰੱਖੇਗਾ।'' ਜਿਹੜਾ ਕੋਈ ਪਾਪ ਕਰਦਾ ਹੈ ਉਸ ਨੂੰ ਸ਼ਤਾਨ ਦੀ ਸੰਤਾਨ ਦੇ ਰੂਪ ਵਿਚ *ਪੁਨੇਰੇ* (*Punerai*) ਦੇ ਰੂਪ ਵਿਚ ਵਿਖਾਇਆ ਜਾਂਦਾ ਹੈ (ਯੂਹੰਨਾ 8:44)।

ਛੱਲ (δόλος, *ਡੋਲੋਸ*) ਨੂੰ ਚਲਾਕੀ ਦੇ ਰੂਪ ਵਿਚ ਵਿਖਾਇਆ ਜਾ ਸਕਦਾ ਹੈ ਜਿਵੇਂ ਮਛੇਰੇ ਜਾਂ ਟ੍ਰੋਏ ਦੇ ਲੱਕੜ ਦੇ ਘੋੜੇ (ਰਵਾਇਤੀ ਯੂਨਾਨੀ ਇਤਿਹਾਸ ਵਿਚ) ਵੱਲੋਂ ਚਾਰੇ ਦੇ ਰੂਪ ਵਿਚ ਵਰਤਿਆ ਜਾਂਦਾ ਹੈ। ਕਿਸੇ ਵੀ ਸੰਦਰਭ ਵਿਚ ਹੋਵੇ, ਇਸ ਵਿਚ ਝੂਠ ਬੋਲਣਾ ਸ਼ਾਮਿਲ ਹੁੰਦਾ ਹੈ।

ਮਸਤੀ (ἀσέλγεια, *ਅਸੇਲਗੇਇਆ*) ਬੇਲਗਾਮ ਵਾਸਨਾ ਅਤੇ ਹਵਸ ਹੈ, ਭਾਵ ਇਕ ਅਜਿਹਾ ਸੁਭਾਅ ਜਿਹੜਾ ਹਰ ਤਰ੍ਹਾਂ ਦੇ ਸੰਜਮ ਨੂੰ ਨਾਪਸੰਦ ਹੈ। ਇਹਦੀ ਵਰਤੋਂ ਮਰਿਆਦਾ ਖੋ ਚੁੱਕੇ ਵਿਅਕਤੀ ਲਈ ਕੀਤੀ ਜਾਂਦੀ ਹੈ ਜਿਹੜਾ ਜ਼ਿਆਦਾਤਰ ਲੋਕਾਂ ਵੱਲੋਂ ਕੀਤੀ ਜਾਣ ਵਾਲੀ ਸ਼ਰਮ ਦੀ ਪਰਵਾਹ ਨਹੀਂ ਕਰਦਾ। ਇਹ ''ਬੇਹੱਦ ਬੇਸ਼ਰਮੀ'' ਹੈ।[51] KJV ਵਿਚ ''Lasciviousness'' ਹੈ। LXX ਵਿਚ ਇਸ ਸ਼ਬਦ ਦੀ ਵਰਤੋਂ ਈਜ਼ਬੇਲ ਲਈ ਕੀਤੀ ਗਈ ਹੈ ਜਿੱਥੇ ਉਸ ਨੇ ਸਾਮਰੀਆ ਸ਼ਹਿਰ ਵਿਚ ਬਆਲ ਦਾ ਇਕ ਭਵਨ ਬਣਾ ਕੇ ਉਸ ਵਿਚ ਬਆਲ ਦੀ ਜਗਵੇਦੀ ਬਣਵਾਈ (1 ਰਾਜਿਆਂ 16:32)। ਇਹ ਸ਼ਬਦ ਉਨ੍ਹਾਂ ਕਈ ਗਤੀਵਿਧੀਆਂ ਨੂੰ ਵਿਖਾਉਂਦਾ ਹੈ ਜਿਹੜੀਆਂ ਪੁਰਾਣੇ ਜ਼ਮਾਨੇ ਵਿਚ ਹੁੰਦੀਆਂ ਸਨ ਅਤੇ ਅੱਜ ਸਾਡੇ ਸਮੇਂ ਵਿਚ ਵੀ ਪਾਈਆਂ ਜਾਂਦੀਆਂ ਹਨ। ਬਾਰਕਲੇ ਨੇ ਇਸ ਨੂੰ ''ਨਵੇਂ ਨੇਮ ਦੀ ਪਾਪਾਂ ਦੀ ਫ਼ਹਰਿਸਤ ਵਿਚ ਸਭ ਤੋਂ ਭੈੜਾ ਸ਼ਬਦ'' ਆਖਿਆ।[52]

ਬੁਰੀ ਨਜ਼ਰ ὀφθαλμός (*ਓਫ਼ਥੈਲਮੋਸ*) ਸ਼ਬਦ ਤੋਂ ਲਿਆ ਗਿਆ ਹੈ ਜਿਸਦਾ ਅਰਥ ''ਬੁਰੀ ਨਜ਼ਰ'' ਹੈ (KJV)। ਇਸੇ ਮੂਲ ਸ਼ਬਦ ਤੋਂ ਸਾਨੂੰ ਅੱਖਾਂ ਦੇ ਡਾਕਟਰ ਲਈ ''ਓਫ਼ਥੈਲਮੋਲੋਜਿਸਟ'' ਸ਼ਬਦ ਮਿਲਿਆ ਹੈ; ਪਰ ''ਬੁਰੀ ਨਜ਼ਰ'' ਦਿਲ ਦੀ ਹੁੰਦੀ ਹੈ। ਇਹ ਕਿਸੇ ਦੂਜੇ ਦੀ ਖੁਸ਼ਹਾਲੀ ਤੇ ਈਰਖਾ ਜਾਂ ਨਰਾਜ਼ਗੀ ਵਾਲੇ ਮਨ ਲਈ ਕਿਹਾ ਜਾ ਸਕਦਾ ਹੈ। ''ਬੁਰੀ ਨਜ਼ਰ'' ਸ਼ਬਦ ਲਾਤੀਨੀ ਭਾਸ਼ਾ ਦੇ *ਇਨ–ਵੀਡਿਓ* (in-video) ਤੋਂ ਲਿਆ ਗਿਆ ਹੈ ਜਿਸਦਾ ਅਰਥ 'ਦੇ ਵਿਰੁੱਧ ਵੇਖਣਾ'

'' ਜਾਂ ਬੁਰੀ ਨੀਅਤ ਨਾਲ ਦੂਜਿਆਂ ਨਾਲ ਵੇਖਣਾ।[53] ਲਾਖਣਿਕ ਰੂਪ ਵਿਚ ਇਸ ਦਾ ਅਰਥ ''ਮਾੜੀ ਨਜ਼ਰ'' ਹੈ ਜਿਹੜੀ ਦੂਜਿਆਂ ਨੂੰ ਮਾੜੀ ਨੀਅਤ ਨਾਲ ਵੇਖਦੀ ਹੈ। ਬੁਰੀ ਨਜ਼ਰ ਦੇ ਕਾਰਣ ਬੇਸ਼ੁਮਾਰ ਪਾਪ ਹੋਏ ਹਨ (ਜਿਵੇਂ ਕਇਨ ਵੱਲੋਂ ਹਾਬਿਲ ਦਾ ਕਤਲ)।

ਕੁਫ਼ਰ βλασφημία (*ਬਲਾਸਫ਼ੇਮੀਆ*) ਤੋਂ, ਨੇ ਮੂਲ ਅਰਥ ''ਬਲਾਸਫ਼ੇਮੀ'' ਦੀ ਥਾਂ ਲੈ ਲਈ ਜੋ ਕਿ ਮਨੁੱਖ ਜਾਂ ਪਰਮੇਸ਼ੁਰ ਦੀ ਬੁਰਿਆਈ ਕਰਨਾ ਹੈ। ਇਸ ਸ਼ਬਦ ਦੀ ਵਰਤੋਂ ਕਿਸੇ ਆਦਮੀ ਨੂੰ ਸਰਾਪ ਦੇਣ ਲਈ ਹੋਈ ਲਗਦੀ ਹੈ, ਜੋ ਕਿ ਕੁਫ਼ਰ ਹੋ ਸਕਦਾ ਹੈ। ਪਰ ਪਾਪ ਨੂੰ ਆਮ ਤੌਰ ਤੇ ਖ਼ੁਦਾ ਦੇ ਖ਼ਿਲਾਫ਼ ਬੋਲਣਾ ਹੀ ਮੰਨਿਆ ਜਾਂਦਾ ਹੈ (ਵੇਖੋ 3:28, 29)। ਇਹ ਖ਼ੁਦਾ ਦੇ ਵਿਰੋਧ ਵਿਚ ਕਹੀ ਗਈ ਗਈ ਕਿਸੇ ਗੱਲ ਨਾਲ ਜਾਂ ਅਪਮਾਨਜਨਕ ਸ਼ਬਦਾਂ ਨਾਲ ਉਸ ਦੇ ਜਲਾਲ ਨੂੰ ਘੱਟ ਕਰਕੇ ਕੀਤਾ ਜਾਂਦਾ ਹੈ।

ਹੰਕਾਰ (ὑπερηφανία, *ਹੁਪਰੇਫ਼ੇਨੀਆ*) ਹੰਕਾਰ ਹੈ ਜਿਹੜਾ ਆਪਣੇ ਆਪ ਨੂੰ ਵੱਡਾ ਵਿਖਾਉਣਾ ਜਾਂ ਆਪਣੇ ਆਪ ਨੂੰ ਛੱਡ ਕੇ ਦੂਜੇ ਸਭ ਲੋਕਾਂ ਦੀ ਬਰਿਆਈ ਕਰਨਾ ਹੈ। ''ਪਰਮੇਸ਼ੁਰ ਹੰਕਾਰੀਆਂ ਦਾ ਸਾਹਮਣਾ ਕਰਦਾ ਪਰ ਹਲੀਮਾਂ ਉੱਤੇ ਕਿਰਪਾ ਕਰਦਾ ਹੈ'' (ਯਾਕੂਬ 4:6; ਵੇਖੋ ਕਹਾਉਤਾਂ 3:34)।

ਮੂਰਖਤਾਈ (ἀφροσύνη, *ਅਫ਼ਰੋਸੁਨ*) ਨੈਤਿਕ ਬੇਵਕੂਫ਼ੀ ਹੈ। ਇਹ ਸ਼ਬਦ ਦਿਮਾਗੀ ਯੋਗਤਾ ਦੀ ਕਮੀ ਵਾਲੇ ਨਹੀਂ ਬਲਕਿ ਸਮਝਦਾਰੀ ਵਰਤਣ ਤੋਂ ਇਨਕਾਰ ਕਰਨ ਵਾਲੇ ਦੀ ਗੱਲ ਕਰਦਾ ਹੈ।

ਬੇਸ਼ਰਮ ਪਾਪਾਂ ਦੀ ਇਹ ਫ਼ਹਰਿਸਤ ਸਾਨੂੰ ਸ਼ਰਮਸਾਰ ਕਰਕੇ ਕੰਬਨੀ ਲਾ ਦਿੰਦੀ ਹੈ। ਪੌਲੁਸ ਨੇ ਬਾਅਦ ਵਿਚ 1 ਕੁਰਿੰਥੀਆਂ 6:9, 10 ਅਤੇ ਗਲਾਤੀਆਂ 5:19–21 ਵਿਚਲੀਆਂ ਬੁਰਿਆਈ ਦੀਆਂ ਆਪਣੀਆਂ ਫ਼ਹਰਿਸਤਾਂ ਵਿਚ ਬੜੀ ਨਜ਼ਦੀਕੀ ਨਾਲ ਪਾਪਾਂ ਦੀ ਮਸੀਹ ਵਾਲੀ ਫ਼ਹਰਿਸਤ ਦਿੱਤੀ।

ਆਇਤ 23. ਯਿਸੂ ਨੇ ਇਹ ਆਖਦਿਆਂ ਗੱਲ ਪੂਰੀ ਕੀਤੀ, **''ਇਹ ਸਾਰੀਆਂ ਬੁਰੀਆਂ ਗੱਲਾਂ ਅੰਦਰੋਂ ਨਿੱਕਲਦੀਆਂ ਅਤੇ ਮਨੁੱਖ ਨੂੰ ਭਰਿਸ਼ਟ ਕਰਦੀਆਂ ਹਨ।''** ਜੇ ਕਿਸੇ ਦਾ ਮਨ ਭਰਿਸ਼ਟ ਹੈ ਤਾਂ ਹੋ ਸਕਦਾ ਹੈ ਕਿ ਉਹਦਾ ਲਾਲਚ ਬਾਹਰੋਂ ਪਤਾ ਲਗ ਜਾਵੇ, ਪਰ ਅਸਲ ਕਮਜ਼ੋਰੀ ਅੰਦਰ ਹੈ। ਹਰ ਆਦਮੀ ਇਨ੍ਹਾਂ ਗੱਲਾਂ ਵਿੱਚੋਂ ਕਿਸੇ ਨੂੰ ਵੀ ਆਪਣੇ ਮਨ ਵਿਚ ਆਉਣ ਦੇਣ ਲਈ ਜ਼ਿੰਮੇਵਾਰ ਹੈ। ਆਦਮੀ ਦੇ ਮਨ ਨੂੰ ਉਸ ਦੀ ਆਪਣੀ ਕਮਜ਼ੋਰੀ ਹੀ ਮੈਲਾ ਕਰਕੇ ਅਖ਼ੀਰ ਵਿਚ ਉਸ ਨੂੰ ਬਰਬਾਦ ਕਰ ਦਿੰਦੀ ਹੈ।

ਪਹਿਲੀ ਸਦੀ ਵਿਚ ਕੁਝ ਯਹੂਦੀ ਮਸੀਹੀ ਸ਼ਰ੍ਹਾ ਦੀਆਂ ਕੁਝ ਰੀਤਾਂ ਨੂੰ ਮੰਨਦੇ ਸਨ, ਜਿਵੇਂ ਕਈ ਤਰੀਕਿਆਂ ਨਾਲ ਹੈਕਲ ਵਿਚ ਬੰਦਗੀ ਕਰਨਾ। (ਉਦਾਹਰਣ ਲਈ ਕਰਤੱਬ 3:1 ਵਿਚ ਪਤਰਸ ਅਤੇ ਯੂਹੰਨਾ ਦੁਆ ਕਰਨ ਲਈ ਹੈਕਲ ਵਿਚ ਗਏ ਸਨ।) ਅਜਿਹਾ ਲਗਦਾ ਹੈ ਕਿ ਯਹੂਦੀਆਂ ਨੂੰ ਜਿੱਤਣ ਲਈ ਪੌਲੁਸ ਉਦੋਂ ਤਕ ਜ਼ਿਆਦਾਤਰ ਯਹੂਦੀ ਰਸਮਾਂ ਨੂੰ ਮੰਨਦਾ ਰਿਹਾ ਜਦੋਂ ਤਕ ਉਨ੍ਹਾਂ ਰਸਮਾਂ ਨਾਲ ਇੰਜੀਲ ਦਾ ਟਕਰਾਅ ਨਹੀਂ ਹੋਇਆ (1 ਕੁਰਿੰਥੀਆਂ 9:20)। ਜ਼ਾਹਿਰ ਤੌਰ ਤੇ ਯਰੂਸ਼ਲਮ ਵਿਚ ਹੋਣ ਤੇ ਉਹ ਹੈਕਲ ਵਿਚ ਬੰਦਗੀ ਕਰਦਾ ਸੀ (ਵੇਖੋ ਕਰਤੱਬ 22:17–24)। ਉਹ ਯਹੂਦੀ ਭਰਾਵਾਂ ਦੇ ਆਲੇ ਦੁਆਲੇ ਹੋਣ ਤੇ ਸਿਰਫ਼ ਕੋਸ਼ਰ ਭੋਜਨ ਹੀ ਖਾਂਦਾ ਸੀ, ਪਰ ਗੈਰਕੌਮਾਂ ਨੂੰ ਅਜਿਹਾ ਕਰਨ ਲਈ ਉਨ੍ਹਾਂ ਉੱਤੇ ਜ਼ਬਰਦਸਤੀ ਨਹੀਂ ਕਰਦਾ ਸੀ (ਗਲਾਤੀਆਂ 2:11–21 ਵਿਚ ਪਤਰਸ ਨਾਲ ਪੌਲੁਸ ਦਾ ਝਗੜਾ ਵੇਖੋ।) ਯਿਸੂ ਇਹ ਸਚਿਆਈ ਦੱਸ ਰਿਹਾ ਸੀ ਕਿ ''ਜੋ ਕੁਝ ਕਿਸੇ ਦੇ ਮਨ ਦੇ ਅੰਦਰੋਂ ਨਿੱਕਲਦਾ ਹੈ'' ਉਹੀ ਉਸ ਦੇ ''ਚਰਿੱਤਰ, ਨਜ਼ਰੀਏ ਅਤੇ ਜ਼ਿੰਦਗੀ ਦੇ ਦ੍ਰਿਸ਼ਟੀਕੋਣ ਨੂੰ ਵਿਖਾਉਂਦਾ ਹੈ।''[54]

ਉੱਤਰ ਵੱਲ ਨੂੰ ਜਾਣਾ (7:24)[55]

24ਫੇਰ ਉਹ ਉੱਥੋਂ ਉੱਠ ਕੇ ਸੂਰ ਅਤੇ ਸੈਦਾ ਦੀਆਂ ਹੱਦਾਂ ਵਿੱਚ ਆਇਆ . . .

1:14–7:23 ਵਿਚ ਦਰਜ ਸੇਵਕਾਈ ਦੇ ਰੁਝੇਵੇਂ ਭਰੇ ਸਮੇਂ ਤੋਂ ਬਾਅਦ, ਯਿਸੂ ਲਈ ਅਰਾਮ

ਕਰਨ ਅਤੇ ਯਹੂਦੀਆ ਦੇ ਕੱਟਰਪੰਥੀਆਂ ਵੱਲੋਂ ਉਹਨੂੰ ਮਾਰ ਸੁੱਟਣ ਦੀਆਂ ਕੋਸ਼ਿਸ਼ਾਂ ਦੇ ਖ਼ਤਰੇ ਤੋਂ ਬਚਣ ਦਾ ਸਮਾਂ ਆ ਗਿਆ ਸੀ। ਗੈਰਕੌਮ ਇਲਾਕੇ ਵਿਚ ਰਹਿਣ ਦੌਰਾਨ ਭਾਵੇਂ ਯਿਸੂ ਨੂੰ ਕੁਝ ਰਾਹਤ ਮਿਲ ਗਈ ਸੀ ਪਰ ਚੰਗਿਆਈਆਂ ਕਰਨ ਦੇ ਵੀ ਮੌਕੇ ਬਹੁਤ ਸਨ। ਇਸ ਜਾਣ ਦਾ ਇਕ ਹੋਰ ਮਕਸਦ ਇਲਾਕੇ ਦੇ ਲੋਕਾਂ ਨੂੰ ਕਰਤੱਬ 8 ਵਿਚ ਰਾਜ ਦੇ ਫੈਲਣਾ ਸ਼ੁਰੂ ਹੋਣ ਲਈ ਤਿਆਰ ਕਰਨਾ ਹੋ ਸਕਦਾ ਹੈ।

ਆਇਤ 24. ਯਿਸੂ ਉੱਥੋਂ ਉੱਠ ਕੇ ਸੂਰ ਅਤੇ ਸੈਦਾ ਦੀਆਂ ਹੱਦਾਂ ਵਿੱਚ ਆਇਆ। ਗਲੀਲ ਦੀ ਝੀਲ ਤੋਂ ਪਾਰ, ਉੱਤਰ ਵੱਲ ਨੂੰ ਯਿਸੂ ਦਾ ਇਹ ਜਾਣਾ ਇੱਕੋ ਇਕ ਉਹ ਸਮਾਂ ਹੋਵੇਗਾ ਜਦੋਂ ਉਹ ਪ੍ਰਚਾਰ ਕਰਨ ਦੀ ਆਪਣੀ ਸੇਵਕਾਈ ਵਿਚ ਆਪਣੇ ਦੇਸ਼ ਤੋਂ ਬਾਹਰ ਗਿਆ ਹੋਵੇ। ਸੂਰ ਅਤੇ ਸੈਦਾ ਤੋਂ ਦੱਖਣ ਵੱਲ ਲਗਭਗ 26 ਕੁ ਮੀਲ (1 ਮੀਲ=1.6 ਕਿਲੋਮੀਟਰ) ਸੀ ਅਤੇ ਯਰੂਸ਼ਲਮ ਤੋਂ ਲਗਭਗ ਇਕ ਸੌ ਮੀਲ, ਜੋ ਕਿ ਨਾਸਰਤ ਦੇ ਪੱਛਮ ਵੱਲ ਲਗਭਗ ਪੰਜਾਹ ਮੀਲ ਬਣਦਾ ਹੈ। ''ਫ਼ੈਨੀਕੈ'' ਨਾਮਕ ਇਲਾਕਾ ਗਲੀਲ ਦਾ ਉੱਤਰ ਪੱਛਮ ਸੀ ਅਤੇ ਭੂਮੱਧ ਸਾਗਰ ਦੇ ਨਾਲ–ਨਾਲ ਤਕਰੀਬਨ 150 ਮੀਲ ਤਕ ਫੈਲਿਆ ਹੋਇਆ ਸੀ।

ਦਾਊਦ ਅਤੇ ਸੁਲੇਮਾਨ ਦੇ ਸਮੇਂ ਵਿਚ ਸੂਰ ਸੰਸਾਰ ਦੀ ਵੱਡੀ ਬੰਦਰਗਾਹ ਸੀ। ਹਿਜ਼ਕੀਏਲ 26 ਵਿਚ ਸੂਰ ਦੀ ਬਰਬਾਦੀ ਦੀ ਪੇਸ਼ਨਗੋਈ ਕੀਤੀ ਗਈ ਸੀ ਅਤੇ ਪਹਿਲੀ ਸਦੀ ਈਸਵੀ ਵਿਚ ਇਸ ਟਾਪੂ ਦਾ ਕੋਈ ਵਜੂਦ ਨਹੀਂ ਸੀ। ਪਹਿਲਾਂ ਇਸ ਨੂੰ ਬੇਬੀਲੋਨੀਆਂ ਨੇ ਜਿੱਤਿਆ ਸੀ, ਉਸ ਤੋਂ ਬਾਅਦ ਫ਼ਾਰਸੀਆਂ ਨੇ ਅਤੇ ਫਿਰ ਸਿਕੰਦਰ ਨੇ। 332 ਈ.ਪੂ. ਵਿਚ ਉਸ ਨੇ ਬੰਨ੍ਹ ਬਣਾ ਕੇ ਇਸ ਟਾਪੂ ਨੂੰ ਬਰਬਾਦ ਕਰ ਦਿੱਤਾ।

''ਸੂਰ'' (Τύρος, *ਟੁਰੋਸ*) ਦਾ ਅਰਥ ਹੈ ''ਚੱਟਾਨ।'' ਤਾਰਿਆਂ ਦੀ ਵਰਤੋਂ ਕਰਦੇ ਹੋਏ ਸਮੁੰਦਰੀ ਸਫ਼ਰ ਕਰਨਾ ਸਭ ਤੋਂ ਪਹਿਲਾਂ ਸੂਰ ਦੇ ਮਲਾਹਾਂ ਨੇ ਸਿੱਖਿਆ। ਉਦੋਂ ਤਕ ਜਹਾਜ਼ੀ ਕੰਢੇ ਦੇ ਨੇੜੇ ਨੇੜੇ ਰਹਿੰਦੇ ਸਨ ਅਤੇ ਅੰਦਰ ਤਕ ਨਹੀਂ ਜਾਂਦੇ ਸਨ। ਭੂਮੱਧ ਸਾਗਰ ਤੇ ਜ਼ਿਬਰਾਲਟਰ ਦੇ ਨਾਕੇ ਤਕ, ਬ੍ਰਿਟੇਨ ਵਿਚ ਜਾਣ ਵਾਲੇ ਸਭ ਤੋਂ ਪਹਿਲੇ ਲੋਕ ਫੀਨੀਕੇ ਦੇ ਹੀ ਸਨ। ਅਤੇ ਹੋ ਸਕਦਾ ਹੈ ਕਿ ਉਨ੍ਹਾਂ ਨੇ ਪੂਰੇ ਅਫ਼ਰੀਕਾ ਨੂੰ ਨਾਪਿਆ ਹੋਵੇ।

ਸੂਰੁਫੈਨੀਕਣ ਦੀ ਬੇਟੀ ਨੂੰ ਚੰਗਿਆਈ ਮਿਲੀ (7:24-30)[56]

[24]. . . ਅਤੇ ਇੱਕ ਘਰ ਵਿੱਚ ਗਿਆ ਅਤੇ ਚਾਹੁੰਦਾ ਸੀ ਭਈ ਕਿਸੇ ਨੂੰ ਖਬਰ ਨਾ ਹੋਵੇ, ਪਰ ਉਹ ਲੁਕਿਆ ਨਾ ਰਹਿ ਸੱਕਿਆ [25]ਕਿਉਂ ਜੋ ਓਵੇਂ ਇੱਕ ਤੀਵੀਂ ਜਿਹ ਦੀ ਛੋਟੀ ਧੀ ਨੂੰ ਭਰਿਸ਼ਟ ਆਤਮਾ ਚਿੰਬੜਿਆ ਹੋਇਆ ਸੀ ਉਹਦੀ ਖਬਰ ਸੁਣ ਕੇ ਆਈ ਅਤੇ ਉਹਦੇ ਪੈਰੀਂ ਪਈ [26]ਉਹ ਤੀਵੀਂ ਯੂਨਾਨਣ ਅਤੇ ਜਨਮ ਦੀ ਸੂਰੁਫੈਨੀਕਣ ਸੀ। ਉਸ ਨੇ ਉਹਦੇ ਅੱਗੇ ਅਰਜ਼ ਕੀਤੀ ਜੋ ਤੁਸੀਂ ਮੇਰੀ ਧੀ ਵਿੱਚੋਂ ਭੂਤ ਨੂੰ ਕੱਢ ਦਿਓ [27]ਪਰ ਓਹ ਨੇ ਉਸ ਨੂੰ ਕਿਹਾ, ਪਹਿਲਾਂ ਬਾਲਕਾਂ ਨੂੰ ਰੱਜ ਕੇ ਖਾਣ ਦਿਹ ਕਿਉਂ ਜੋ ਬਾਲਕਾਂ ਦੀ ਰੋਟੀ ਲੈ ਕੇ ਕਤੂਰਿਆਂ ਨੂੰ ਪਾਉਣੀ ਅੱਛੀ ਨਹੀਂ ਹੈ [28]ਉਸ ਨੇ ਓਹ ਨੂੰ ਉੱਤਰ ਦਿੱਤਾ, ਠੀਕ ਪ੍ਰਭੁ ਜੀ, ਕਤੂਰੇ ਭੀ ਤਾਂ ਮੇਜ਼ ਦੇ ਹੇਠ ਬਾਲਕਾਂ ਦੇ ਚੂਰੇ ਭੂਰੇ ਖਾਂਦੇ ਹਨ [29]ਤਦ ਉਹ ਨੇ ਉਸ ਨੂੰ ਆਖਿਆ, ਇਸ ਗੱਲ ਦੇ ਕਾਰਣ ਚੱਲੀ ਜਾਹ। ਭੂਤ ਤੇਰੀ ਧੀ ਵਿੱਚੋਂ ਨਿੱਕਲ ਗਿਆ ਹੈ [30]ਅਤੇ ਉਸ ਨੇ ਆਪਣੇ ਘਰ ਜਾਕੇ ਵੇਖਿਆ ਜੋ ਲੜਕੀ ਮੰਜੇ ਉੱਤੇ ਲੰਮੀ ਪਈ ਹੋਈ ਹੈ ਅਤੇ ਭੂਤ ਨਿੱਕਲ ਗਿਆ ਹੈ।

ਆਇਤ 24. ਇਹ ਵਿਖਾਉਣ ਤੋਂ ਬਾਅਦ ਕਿ ਸ਼ੁੱਧ ਅਤੇ ਅਸ਼ੁੱਧ ਵਿਚਲੇ ਫ਼ਰਕ ਛੇਤੀ ਹੀ ਮਿਟ ਜਾਣ ਵਾਲੇ ਸਨ (7: 1–23), ਯਿਸੂ ਇਨ੍ਹਾਂ ਲੋਕਾਂ ਲਈ ਆਪਣੇ ਲਗਾਅ ਅਤੇ ਖ਼ੁਦਾ ਦੇ ਪਿਆਰ ਨੂੰ ਵਿਖਾਉਣ ਲਈ ਗੈਰਕੌਮ ਦੇਸ਼ਾਂ ਵਿਚ ਗਿਆ (7:24)। ਇਸ ਦੌਰੇ ਨਾਲ ਉਹਦੇ ਲਈ ਜੋ ਰਸੂਲਾਂ

ਦੇ ਕਰਤੱਬ ਹੋਣ ਵਾਲਾ ਸੀ, ਮੰਚ ਤਿਆਰ ਹੋ ਜਾਣਾ ਸੀ। ਉਹ ਜ਼ਾਹਿਰ ਤੌਰ ਤੇ ਕਿਸੇ ਗੈਰਕੌਮ ਦੇ **ਘਰ ਵਿਚ ਗਿਆ,** ਇਹ ਸਾਬਿਤ ਕਰਦੇ ਹੋਏ ਕਿ ਉਹਨੇ ''ਸ਼ੁੱਧ ਅਤੇ ਅਸ਼ੁੱਧ'' ਦੇ ਮਾਨਕ ਨੂੰ ਨਕਾਰ ਦਿੱਤਾ ਸੀ। ਇਹ ਕੋਈ ਸਰਾਂ ਹੋ ਸਕਦੀ ਹੈ, ਪਰ ਉਸ ਗੈਰਕੌਮ ਦੇਸ਼ ਵਿਚ ਵੀ ਅਜਿਹੇ ਬਹੁਤ ਸਾਰੇ ਲੋਕ ਹੋਣਗੇ ਜਿਨ੍ਹਾਂ ਨੇ ਖੁਸ਼ੀ ਖੁਸ਼ੀ ਪ੍ਰਭੂ ਦੇ ਰਹਿਣ ਲਈ ਥਾਂ ਮੁਹੱਈਆ ਕਰਵਾਈ ਹੋਵੇਗੀ। ''ਬੁਰੇ'' ਲੋਕਾਂ ਨਾਲ ਮੇਲਜੋਲ ਰੱਖਣ ਕਰਕੇ ਯਿਸੂ ਨੂੰ ''ਪਾਪੀ'' ਕਿਹਾ ਗਿਆ ਸੀ; ਰੂੜੀਵਾਦੀ ਯਹੂਦੀਆਂ ਦਾ ਮੰਨਣਾ ਸੀ ਕਿ ਗੈਰਕੌਮਾਂ ਨੂੰ ਕਬੂਲ ਕਰਨ ਕਰਕੇ ਅਤੇ ਉਨ੍ਹਾਂ ਨੂੰ ਬਰਕਤ ਦੇਣ ਕਰਕੇ ਉਹ ਕੁਧਰਮ ਦਾ ਦੋਸ਼ੀ ਸੀ। ਯੂਹੰਨਾ 9:24, 25 ਵਿਚ ਕਈਆਂ ਨੇ ਉਹਨੂੰ ''ਪਾਪੀ'' ਆਖਿਆ। ਛੇਤੀ ਹੀ ਉਹਨੇ ਆਪਣੇ ਇਲਜ਼ਾਮ ਲਾਉਣ ਵਾਲਿਆਂ ਦਾ ਸਾਹਮਣਾ ਬਹਾਦੁਰੀ ਨਾਲ ਕਰਨਾ ਸੀ, ਪਰ ਹੁਣ ਉਹਨੂੰ ਇਕਾਂਤ ਚਾਹੀਦਾ ਸੀ।

ਉਹ **ਚਾਹੁੰਦਾ ਸੀ ਭਈ ਕਿਸੇ ਨੂੰ ਖਬਰ ਨਾ ਹੋਵੇ** ਕਿ ਉਹ ਉੱਥੇ ਹੈ **ਪਰ ਉਹ ਲੁਕਿਆ ਨਾ ਰਹਿ ਸੱਕਿਆ।** ਅਸਲੀ ਸੈਲੇਬ੍ਰਿਟੀ (ਮਸ਼ਹੂਰ ਵਿਅਕਤੀ) ਲੁਕ ਨਹੀਂ ਸਕਦਾ, ਇਸ ਕਰਕੇ ਯਿਸੂ ਜਿੱਥੇ ਵੀ ਜਾਂਦਾ ਉਹਦੀ ਮਸ਼ਹੂਰੀ ਉਸ ਤੋਂ ਪਹਿਲਾਂ ਉੱਥੇ ਪਹੁੰਚ ਜਾਂਦੀ। ਫਿਰ ਵੀ ਯਿਸੂ ਨੇ ਗਲੀਲ ਦੀ ਭੀੜ ਤੋਂ ਦੂਰ ਰਹਿਣ ਦੀ ਸੋਚੀ ਸਮਝੀ ਕੋਸ਼ਿਸ਼ ਕੀਤੀ। ਉਸ ਨੂੰ ਇਨ੍ਹਾਂ ਲੋਕਾਂ ਦੀ ਭੀੜ ਵਿਚ ਰਲੀ ਮਿਲੀ ਪ੍ਰਤੀਕਿਰਿਆ ਮਿਲਦੀ ਹੋਵੇਗੀ। ਉਹਨੂੰ ਸਿਰਫ਼ ਯਹੂਦੀਆਂ ਕੋਲ ਘੱਲਿਆ ਗਿਆ ਸੀ, ਪਰ ਗੈਰਕੌਮ ਵੀ ਚਾਹੁੰਦੇ ਸਨ ਕਿ ਉਹ ਉਨ੍ਹਾਂ ਦੇ ਨਾਲ ਹੋਵੇ। ਜ਼ਾਹਿਰ ਤੌਰ ਤੇ ਯਿਸੂ ਇਲਾਕੇ ਵਿਚ ਖੁੱਲ੍ਹੇਆਮ ਉਪਦੇਸ਼ ਨਹੀਂ ਦਿੰਦਾ ਸੀ। ਪਰ ਖ਼ੁਦਾ ਨੇ ਉਸ ਇਲਾਕੇ ਵਿਚ ਬਾਅਦ ਵਿਚ ਹੋਰ ਮਨਬਦਲੀਆਂ ਦੀ ਵੱਡੀ ਤਿਆਰੀ ਲਈ ਉਸ ਨੂੰ ਆਪਣੀ ਸਮਰੱਥਾ ਵਿਖਾਉਣ ਦਾ ਇਕ ਮੌਕਾ ਦਿੱਤਾ।

ਆਇਤਾਂ 25, 26. ਇਕ ਮਾਂ **ਜਿਹ ਦੀ ਛੋਟੀ ਧੀ ਨੂੰ ਭਰਿਸ਼ਟ ਆਤਮਾ ਚਿੰਬੜਿਆ ਹੋਇਆ ਸੀ** ਬੜੀ ਪਰੇਸ਼ਾਨੀ ਵਿਚ ਆਈ **ਅਤੇ ਉਹਦੇ ਪੈਰੀਂ ਪਈ।** ਗੈਰਕੌਮਾਂ ਲਈ ਯਹੂਦੀਆਂ ਵਿਚ ਪਾਈ ਜਾਣ ਵਾਲੀ ਨਫ਼ਰਤ ਦੇ ਕਰਕੇ ਇਹ ਔਰਤ ਰੁਕੀ ਨਹੀਂ। **ਉਸ ਨੇ ਉਹਦੇ ਅੱਗੇ ਅਰਜ਼ ਕੀਤੀ ਜੋ ਤੁਸੀਂ ਮੇਰੀ ਧੀ ਵਿੱਚੋਂ ਭੂਤ ਨੂੰ ਕੱਢ ਦਿਓ।** ਯਿਸੂ ਨੂੰ ''ਦਾਊਦ ਦਾ ਪੁੱਤਰ'' ਆਖਦੇ ਹੋਏ ਇਸ ਔਰਤ ਨੇ ਉਸ ਨੂੰ ਮਸੀਹਾ ਦੇ ਰੂਪ ਵਿਚ ਪਛਾਣਿਆ (ਮੱਤੀ 15:22)। ਉਹ ਯਿਸੂ ਤੋਂ ਮਦਦ ਦੀ ਫ਼ਰਿਆਦ ਇਸ ਤਰ੍ਹਾਂ ਨਾਲ ਕਰਦੀ ਰਹੀ ਕਿ ਹੰਗਾਮਾ ਹੋ ਗਿਆ ਹੋਵੇਗਾ ਅਤੇ ਉਹਦੇ ਨੇੜੇ ਤੇੜੇ ਖਾਮੋਸ਼ੀ ਨਹੀਂ ਰਹੀ ਹੋਵੇਗੀ।

ਦਲੇਰੀ ਭਰੀ ਉਹਦੀ ਬੇਨਤੀ ਤੇ ਯਿਸੂ ਨੇ ਪਹਿਲਾਂ ਤਾਂ ਕੋਈ ਸ਼ਬਦ ਨਹੀਂ ਬੋਲਿਆ, ਲੱਗਾ ਕਿ ਉਹ ਉਹਦੇ ਨਾਲ ਉਵੇਂ ਸਲੂਕ ਕਰ ਰਿਹਾ ਹੈ ਜਿਵੇਂ ਉਸ ਨੂੰ ਕਿਸੇ ਯਹੂਦੀ ਵੱਲੋਂ ਕੀਤੇ ਜਾਣ ਦੀ ਉਮੀਦ ਹੋਵੇਗੀ। ਇਹ ਇਨਕਾਰ ਸਿਰਫ਼ ਉੱਪਰੋਂ ਉੱਪਰੋ ਸੀ, ਕਿਉਂਕਿ ਅਖ਼ੀਰ ਵਿਚ ਉਸ ਨੇ ਉਸ ਦੀ ਇੱਛਾ ਪੂਰੀ ਕਰ ਦਿੱਤੀ। ਜਦ ਯਿਸੂ ਨੇ ਉਸ ਦੀ ਗੱਲ ਨਹੀਂ ਮੰਨੀ ਤਾਂ ਉਹ ਚੇਲਿਆਂ ਨੂੰ ਪਰੇਸ਼ਾਨ ਕਰ ਲੱਗੀ ਅਤੇ ਉਨ੍ਹਾਂ ਨੂੰ ਉਹ ਸਿਰ ਪੀੜ ਲੱਗੀ ਅਤੇ ਉਨ੍ਹਾਂ ਨੇ ਯਿਸੂ ਨੂੰ ਉਹਨੂੰ ਭਜਾ ਦੇਣ ਲਈ ਆਖਿਆ। ਹੋ ਸਕਦਾ ਹੈ ਕਿ ਚੇਲੇ ਚਾਹੁੰਦੇ ਹੋਣ ਕਿ ਯਿਸੂ ਉਸ ਤੋਂ ਖਹਿੜਾ ਛੁਡਾਉਣ ਲਈ ਕੋਈ ਚਮਤਕਾਰ ਕਰ ਦਏ। ਉਨ੍ਹਾਂ ਨੂੰ ਪਤਾ ਸੀ ਕਿ ਉਹਨੇ ਕਿਸੇ ਹੋਰ ਗੈਰਕੌਮ ਦੇ ਸੂਬੇਦਾਰ ਦੇ ਸੇਵਕ ਲਈ ਚਮਤਕਾਰ ਕੀਤਾ ਸੀ (ਮੱਤੀ 8:5–13)। ਬਹੁਤੀ ਸੰਭਾਵਨਾ ਇਹ ਹੈ ਕਿ ਉਹ ਸਿਰਫ਼ ਉਸ ਨੂੰ ਇਸ ਕਰਕੇ ਭਜਾਉਣਾ ਚਾਹੁੰਦੇ ਸਨ ਕਿਉਂ ਜੋ ਉਹ ਉਨ੍ਹਾਂ ਉੱਤੇ ''ਡੰਡ ਪਾਉਂਦੀ'' ਸੀ (ਮੱਤੀ 15:23)। ਉਸ ਔਰਤ ਦੀ ਬੇਨਤੀ ਬੇਵਜ੍ਹਾ ਨਹੀਂ ਸੀ, ਪਰ ਬੇਮੌਕਾ ਜ਼ਰੂਰ ਸੀ; ਕਿਉਂ ਜੋ ਗੈਰਕੌਮਾਂ ਲਈ ਖ਼ੁਦਾ ਦੀਆਂ ਵੱਡੀਆਂ ਰੂਹਾਨੀ ਬਰਕਤਾਂ ਵਿਚ ਸ਼ਾਮਿਲ ਕੀਤੇ ਜਾਣ ਦਾ ਸਮਾਂ ਅਜੇ ਨਹੀਂ ਆਇਆ ਸੀ।

ਯੂਨਾਨਣ (‘Ελληνίς, *ਹੈਲੇਨਿਸ*) ਸਿਕੰਦਰ ਤੋਂ ਬਾਅਦ ਗੈਰ–ਯਹੂਦੀਆਂ ਲਈ ਵਰਤਿਆ ਜਾਣ ਵਾਲਾ ਆਮ ਨਾ (ਹੈਲੇਨਵਾਦੀ) ਸੀ। ਯੂਨਾਨੀ ਪ੍ਰਭਾਵ ਦੁਨੀਆਂ ਦੇ ਜ਼ਿਆਦਾਤਰ ਹਿੱਸੇ ਤੇ ਫੈਲ ਗਿਆ ਸੀ। ਫ਼ੀਨੀਕੇ ਦੇ ਲੋਕ ਕਨਾਨੀਆਂ ਦੀ ਸੰਤਾਨ ਸਨ ਅਤੇ ਉਹ ਇਲਾਕਾ ਜਿੱਥੇ ਉਹ ਰਹਿੰਦੇ

ਸਨ ਸੀਰੀਆ ਦਾ ਇਲਾਕਾ ਸੀ। ਇਹ ਔਰਤ ''ਸੂਰ ਦੇ ਇਲਾਕੇ'' ਦੀ ਸੀ (7:24), ਜਿਸ ਉੱਤੇ ਇਸਰਾਏਲੀਆਂ ਨੂੰ ਪੂਰੀ ਤਰ੍ਹਾਂ ਨਾਲ ਜਿੱਤ ਉਵੇਂ ਕਦੇ ਨਹੀਂ ਮਿਲੀ ਸੀ ਜਿਵੇਂ ਯਹੋਸ਼ੁਆ ਦੇ ਸਮੇਂ ਵਿਚ ਮਿਲੀ ਸੀ। ਉਸ ਨੂੰ **ਸੂਰੁਫ਼ੈਨੀਕਣ** ਜਾਂ ''ਕਨਾਨੀ ਤੀਂਵੀਂ'' ਕਿਹਾ ਗਿਆ ਹੈ (ਮੱਤੀ 15:22)।

ਆਇਤ 27. ਯਿਸੂ ਦੇ ਜਵਾਬ ਵਿੱਚੋਂ ਯਹੂਦੀਆਂ ਦੇ ਇਸ ਵਿਚਾਰ ਦੀ ਝਲਕ ਮਿਲਦੀ ਹੈ ਕਿ ਇਸ ਔਰਤ ਦੀ ਕੌਮੀਅਤ ਉਨ੍ਹਾਂ ਦੀ ਕੌਮੀਅਤ ਨਾਲੋਂ ਹੇਠਾਂ ਸੀ ਕਿਉਂ ਜੋ ਯਿਸੂ ਨੂੰ ''ਇਸਰਾਏਲ ਦੇ ਪਰਿਵਾਰ ਦੀਆਂ ਗੁਅਚੀਆਂ ਹੋਈਆਂ ਭੇਡਾਂ ਕੋਲ ਘੱਲਿਆ ਗਿਆ'' ਸੀ (ਮੱਤੀ 15:24)। ਅਸਲ ਵਿਚ ਇੰਜੀਲ ਸਭ ਤੋਂ ਪਹਿਲਾਂ ਯਹੂਦੀਆਂ ਨੂੰ ਸੁਣਾਈ ਜਾਣੀ ਸੀ (ਰੋਮੀਆਂ 1:16)।[57] ਪਰ ਯਿਸੂ ਨੇ ਇਹ ਆਖਦਿਆਂ ਕਿ ''ਪਹਿਲਾਂ ਬਾਲਕਾਂ ਨੂੰ ਰੱਜ ਕੇ ਖਾਣ ਦੇ'' ਥੋੜ੍ਹਾ ਜਿਹਾ ਦਰਵਾਜ਼ਾ ਖੋਲ੍ਹ ਦਿੱਤਾ। ''ਬਾਲਕਾਂ'' (τέκνον, *ਟੈਕਨੋਨ*) ਤੋਂ ਉਹਦਾ ਭਾਵ ਯਹੂਦੀ ਸੀ, ਜਿਨ੍ਹਾਂ ਨੂੰ ਖ਼ੁਦਾ ਦੀ ''ਸੰਤਾਨ'' ਮੰਨਿਆ ਗਿਆ।[58]

ਯਿਸੂ ਨੇ ਉਸ ਔਰਤ ਦੀ ਨਿਹਚਾ ਨੂੰ ਚੁਣੌਤੀ ਦੇਣ ਲਈ **ਬਾਲਕਾਂ ਦੀ ਰੋਟੀ** ਅਤੇ **ਕਤੂਰਿਆਂ** ਦੇ ਇਜ਼ਹਾਰਾਂ ਦੀ ਵਰਤੋਂ ਕਰਦਿਆਂ ਉਹਦੇ ਰਾਹ ਵਿਚ ਹੋਰ ਰੁਕਾਵਟਾਂ ਰੱਖ ਦਿੱਤੀਆਂ। ਜਿਸ ''ਰੋਟੀ'' (ἄρτος, *ਅਰਟੋਸ*) ਦੀ ਗੱਲ ਯਿਸੂ ਨੇ ਕੀਤੀ ਉਹ ਯਹੂਦੀ ਕੌਮ ਲਈ ਤਿਆਰ ਕੀਤੀ ਗਈ ਜ਼ਿੰਦਗੀ ਦੀ ਰੋਟੀ ਸੀ। ਇਹ ਸੱਚ ਹੈ ਕਿ ਯਿਸੂ ਨੇ ਪਾਲਤੂ ਜਾਨਵਰ ਜਾਂ ਪਿੱਲੇ ਲਈ ਸ਼ਬਦ (κυνάριον, *ਕੁਨੇਰਿਓਨ*) ਵਰਤਿਆ, ਪਰ ਇਹਦੇ ਨਾਲ ਉਸ ਔਰਤ ਦੇ ਮਨ ਵਿਚ ਉਹਦੇ ਸ਼ਬਦਾਂ ਦੀ ਸੱਟ ਘਟੀ ਨਹੀਂ ਹੋਵੇਗੀ। ਉਹ ਉਸ ਔਰਤ ਦੀ ਹਲੀਮੀ ਅਤੇ ਉਸ ਵਿਚ ਉਹਦੇ ਵਿਸ਼ਵਾਸ ਨੂੰ ਅਜ਼ਮਾ ਰਿਹਾ ਸੀ। ਇਹ ਸੋਚਣਾ ਨਾਮੁਮਕਿਨ ਹੈ ਕਿ ਯਿਸੂ ਉਹਨੂੰ ਜ਼ਲੀਲ ਕਰ ਰਿਹਾ ਹੋਵੇਗਾ ਬਲਕਿ ਉਹ ਉਸ ਨੂੰ ਆਪਣੇ ਸਾਹਮਣੇ ਹਲੀਮੀ ਵਿਖਾਉਣ ਦੇ ਰਿਹਾ ਸੀ ਅਤੇ ਆਪਣੀ ਸਮਰੱਥਾ ਵਿਚ ਉਹਦੀ ਨਿਹਚਾ ਨੂੰ ਵਿਖਾਉਣ ਦੇ ਰਿਹਾ ਸੀ। ਉਹਨੂੰ ਆਪਣੇ ਲਈ ''ਕੁੱਤਾ'' ਅਖਵਾਉਣਾ ਸਵੈਇੱਛਾ ਨਾਲ ਕਬੂਲ ਸੀ, ਬਸ ਪ੍ਰਭੂ ਉਹਦੀ ਬੇਟੀ ਨੂੰ ਸਚਮੁਚ ਚੰਗਾ ਕਰ ਦਵੇ। ਆਪਣੀ ਬੇਟੀ ਲਈ ਉਹਦੇ ਵੱਡੇ ਪਿਆਰ ਨੇ ਹਰ ਚੁਣੌਤੀ ਪਾਰ ਕਰ ਲਈ।[59]

ਯਿਸੂ ਨੂੰ ਪਤਾ ਸੀ ਕਿ ਇਸੇ ਇਲਾਕੇ ਵਿਚ ਏਲੀਆਹ ਨੇ ਸਾਰਪਤ ਦੀ ਵਿਧਵਾ ਲਈ ਕੀ ਕੀਤਾ ਸੀ (1 ਰਾਜਿਆਂ 17): ਖ਼ੁਦਾ ਨੇ ਇੰਤਜ਼ਾਮ ਕੀਤਾ ਕਿ ਉਹਦੇ ਘੜੇ ਦਾ ਮੈਦਾ ਅਤੇ ਉਹਦੀ ਕੁੱਪੀ ਦਾ ਤੇਲ ਭਰਿਆ ਰਹੇ ਅਤੇ ਜਿੰਨੀ ਦੇਰ ਤਕ ਏਲੀਆਹ ਉੱਥੇ ਰਿਹਾ ਓਨੀ ਦੇਰ ਤਕ ਉਹ ਖਾਲੀ ਨਹੀਂ ਹੋਇਆ। ਉਸ ਨੂੰ ਏਲੀਆਹ ਦੀ ਸਭ ਤੋਂ ਵੱਡੀ ਬਰਕਤ ਬਾਅਦ ਵਿਚ ਮਿਲੀ ਜਦੋਂ ਉਹਨੇ ਉਹਦੇ ਬੇਟੇ ਨੂੰ ਮੌਤ ਤੋਂ ਜ਼ਿੰਦਾ ਕਰ ਦਿੱਤਾ। ਇਹ ਕਹਾਣੀ ਭਾਵੇਂ ਯਿਸੂ ਦੇ ਉੱਥੇ ਆਉਣ ਤੋਂ ਸਦੀਆਂ ਪਹਿਲਾਂ ਵਾਪਰੀ ਸੀ, ਪਰ ਸੂਰ ਅਤੇ ਸੈਦਾ ਦੇ ਲੋਕਾਂ ਦੇ ਮਨਾਂ ਵਿਚ ਅਜੇ ਵੀ ਇਹ ਤਾਜ਼ਾ ਸੀ। ਇਸ ਮਸ਼ਹੂਰ ਕਹਾਣੀ ਤੋਂ ਵੀ ਇਹ ਯਕੀਨ ਕਰਨ ਵਿਚ ਮਦਦ ਮਿਲੀ ਹੋਵੇਗੀ ਕਿ ਯਿਸੂ ਵੀ ਏਲੀਆਹ ਵਾਂਗ ਆਪਣੇ ਆਪ ਨੂੰ ਖ਼ੁਦਾ ਦਾ ਸੱਚਾ ਨਬੀ ਸਾਬਿਤ ਕਰਦੇ ਹੋਏ, ਇਕ ਗ਼ਰੀਬ ਗੈਰਕੌਮ ਔਰਤ ਦੀ ਮਦਦ ਕਰੇਗਾ।

ਆਇਤ 28. ਇਕ ਮਾਯੂਸ ਮਾਂ ਨੇ ਚਤੁਰਾਈ ਭਰਿਆ ਜਵਾਬ ਦਿੱਤਾ। ਉਹ ਖ਼ੁਦਾ ਦੀਆਂ ਬਰਕਤਾਂ ਪਾਉਣ ਵਿਚ ਯਹੂਦੀਆਂ ਦਾ ਸਨਮਾਨਤ ਥਾਂ ਖੋਹਣ ਦੀ ਕੋਸ਼ਿਸ਼ ਨਹੀਂ ਕਰ ਰਹੀ ਸੀ। ਉਹ ਸਮਝਦਾਰ ਸੀ, ਪਰ ਫਿਰ ਵੀ ਹਲੀਮ ਸੀ ਅਤੇ ਆਪਣੇ ਆਪ ਨੂੰ ਇਸ ਤਰ੍ਹਾਂ ਨਾਲ ਵਿਖਾਉਣ ਵਿਚ ਉਹਦਾ ਬੜਾ ਵਿਸ਼ਵਾਸ ਸੀ। ਉਹਨੇ ਸੰਕੇਤ ਦਿੱਤਾ ਕਿ **ਬਾਲਕਾਂ ਦੇ ਚੂਰੇ ਭੂਰੇ** ਹੀ ਕਾਫ਼ੀ ਹੋਣੇ ਸਨ। ਉਸ ਜ਼ਮਾਨੇ ਵਿਚ ਅਮੀਰ ਲੋਕ ਆਪਣੇ ਹੱਥ ਰੋਟੀ ਦੇ ਟੁਕੜਿਆਂ ਨਾਲ ਪੂੰਝਦੇ ਹੁੰਦੇ ਸਨ, ਜਿਨ੍ਹਾਂ ਨੂੰ ਬਾਅਦ ਵਿਚ **ਮੇਜ਼ ਦੇ ਹੇਠ** ਕਤੂਰਿਆਂ ਨੂੰ ਪਾ ਦਿੱਤਾ ਜਾਂਦਾ ਸੀ।

ਆਇਤ 29. ਔਰਤ ਨੇ ਸਮਝਦਾਰੀ, ਹਲੀਮੀ ਅਤੇ ਨਿਹਚਾ ਵਿਖਾਈ। ਯਿਸੂ ਨੇ ਉਸ ਦੇ ਵਿਸ਼ਵਾਸ ਨੂੰ ਵੇਖਿਆ ਅਤੇ ਉਹਦੀ ਬੇਨਤੀ ਕਬੂਲ ਕਰ ਲਈ। ਫਿਰ ਉਸ ਨੇ ਸਭ ਤੋਂ ਸ਼ਾਨਦਾਰ ਤਾਰੀਫ਼ ਕੀਤੀ

ਜਿਸ ਨੂੰ ਉਸ ਤੋਂ ਬਾਅਦ ਕਈ ਵਾਰ ਦੁਹਰਾਇਆ ਗਿਆ ਹੈ। ਯਿਸੂ ਨੇ ਤਸਦੀਕ ਕੀਤੀ, **''ਇਸ ਗੱਲ ਦੇ ਕਾਰਣ ... ਭੂਤ ਤੇਰੀ ਧੀ ਵਿੱਚੋਂ ਨਿੱਕਲ ਗਿਆ ਹੈ।''** ਨਿਊ ਇੰਗਲੈਂਡ ਦੇ ਇਕ ਪ੍ਰਚਾਰਕ ਫ਼ਿਲਿੱਪਸ ਬਰੁਕਸ ਨੇ ਆਪਣੀ ਮਾਂ ਦੀ ਕਬਰ ਦੇ ਪੱਥਰ ਤੇ ਮੱਤੀ 15:28 ਦੇ ਇਹ ਸ਼ਬਦ ਲਿਖਵਾਏ: ''ਬੀਬੀ, ਤੇਰੀ ਨਿਹਚਾ ਵੱਡੀ ਹੈ: ਤੇਰੇ ਨਾਲ ਉਵੇਂ ਹੀ ਹੋਵੇ ਜਿਵੇਂ ਤੂੰ ਚਾਹੁੰਦੀ ਹੈ'' (KJV)।[60]

ਕਿੰਨੀ ਅਜੀਬ ਗੱਲ ਹੈ ਕਿ ਪ੍ਰਭੂ ਦੀ ਦਯਾ ਪਹਿਲਾਂ ਬਿਲਕੁਲ ਵੀ ਦਯਾ ਨਹੀਂ ਲੱਗੀ! ਇਹ ਵੀ ਅਜੀਬ ਹੈ ਕਿ ਨਿਹਚਾ ਦੀ ਯਿਸੂ ਦੀ ਤਾਰੀਫ਼ ਉਨ੍ਹਾਂ ਨਾਲੋਂ ਜਿਨ੍ਹਾਂ ਤੋਂ ਉਸ ਨੂੰ ਇਸ ਦੇ ਮਿਲਣ ਦੀ ਉਮੀਦ ਹੋਣੀ ਚਾਹੀਦੀ ਸੀ, ਗੈਰਕੌਮਾਂ ਲਈ ਬਹੁਤੀ ਸੀ (ਜਿਵੇਂ ਸੂਬੇਦਾਰ ਨਾਲ; ਵੇਖੋ ਮੱਤੀ 8:10)। ਸ਼ਾਇਦ ਇਹ ਹੈਰਾਨੀ ਵਾਲੀ ਗੱਲ ਹੈ ਕਿ ਗੈਰਕੌਮਾਂ ਵਿਚ ਕੋਈ ਨਿਹਚਾ ਹੈ ਵੀ ਸੀ।

ਆਇਤ 30. ਯਿਸੂ ਵੱਲੋਂ **ਲੜਕੀ** ਨੂੰ ਚੰਗਾ ਕਰ ਦਿੱਤੇ ਜਾਣ ਤੋਂ ਬਾਅਦ, ਉਹ **ਮੰਜੇ ਉੱਤੇ ਲੰਮੀ ਪਈ ਹੋਈ** ਸੀ, ਜੋ ਇਸ ਗੱਲ ਦਾ ਸੰਕੇਤ ਹੈ ਕਿ **ਭੂਤ ਨਿੱਕਲ** ਜਾਣ ਤੇ ਉਹ ਪੂਰੀ ਤਰ੍ਹਾਂ ਨਾਲ ਥੱਕੀ ਹੋਈ ਹੋਵੇਗੀ।[61] ਅਸੀਂ ਕਲਪਨਾ ਕਰ ਸਕਦੇ ਹਾਂ ਕਿ ਇਸ ਔਰਤ ਦੇ ਘਰ ਪਰਤ ਕੇ ਆਪਣੀ ਛੋਟੀ ਬੇਟੀ ਨੂੰ ਠੀਕ ਠਾਕ ਵੇਖਣ ਤੇ ਉਹਨੂੰ ਕਿੰਨਾਂ ਚੰਗਾ ਲੱਗਾ ਹੋਵੇਗਾ। ਉਹਨੂੰ ਆਪਣੀ ਬੇਟੀ ਨੂੰ ਮਸੀਹਾ ਬਾਰੇ ਦੱਸਦਿਆਂ ਜਿਹਨੇ ਉਸ ਨੂੰ ਚੰਗਾ ਕਰ ਦਿੱਤਾ ਸੀ, ਕਿੰਨੀ ਖੁਸ਼ੀ ਮਹਿਸੂਸ ਹੋਈ ਹੋਵੇਗੀ। ਉਹਦਾ ਵਿਸ਼ਵਾਸ ਵੀ ਮਜ਼ਬੂਤ ਹੋਇਆ ਹੋਵੇਗਾ, ਭਾਵੇਂ ਆਪਣੀ ਬੇਟੀ ਦੀ ਚੰਗਿਆਈ ਤੋਂ ਪਹਿਲਾਂ, ਯਿਸੂ ਅਤੇ ਉਹਦੀ ਸ਼ਕਤੀ ਬਾਰੇ ਦੂਜਿਆਂ ਤੋਂ ਸੁਣਨ ਦੇ ਅਧਾਰ ਤੇ, ਉਹਦਾ ਬੜਾ ਵਿਸ਼ਵਾਸ ਸੀ।

ਬੋਲੇ ਅਤੇ ਥਥਲੇ ਆਦਮੀ ਦੀ ਚੰਗਿਆਈ (7:31-37)[62]

[31]ਉਹ ਫੇਰ ਸੂਰ ਦੀਆਂ ਹੱਦਾਂ ਤੋਂ ਨਿੱਕਲ ਕੇ ਸੈਦਾ ਦੇ ਰਾਹ ਦਿਕਾਪੁਲਿਸ ਦੀਆਂ ਹੱਦਾਂ ਵਿੱਚੋਂ ਦੀ ਹੋ ਕੇ ਗਲੀਲ ਦੀ ਝੀਲ ਨੂੰ ਗਿਆ [32]ਅਤੇ ਲੋਕਾਂ ਨੇ ਇੱਕ ਬੋਲੇ ਨੂੰ ਜਿਹੜਾ ਥਥਲਾ ਵੀ ਸੀ ਉਹਦੇ ਕੋਲ ਲਿਆ ਕੇ ਉਹਦੀ ਮਿੰਨਤ ਕੀਤੀ ਜੋ ਉਸ ਉੱਤੇ ਆਪਣਾ ਹੱਥ ਰੱਖੇ [33]ਉਹ ਉਸ ਨੂੰ ਭੀੜ ਤੋਂ ਅਲੱਗ ਲੈ ਗਿਆ ਅਰ ਆਪਣੀਆਂ ਉਂਗਲੀਆਂ ਉਹਦੇ ਕੰਨਾਂ ਵਿੱਚ ਦਿੱਤੀਆਂ ਅਤੇ ਥੁੱਕ ਕੇ ਉਹਦੀ ਜੀਭ ਛੋਹੀ [34]ਅਤੇ ਆਕਾਸ਼ ਵੱਲ ਵੇਖ ਕੇ ਹਾਉਕਾ ਭਰਿਆ ਅਰ ਉਹਨੂੰ ਆਖਿਆ ''ਇੱਫ਼ਤਾ'' ਅਰਥਾਤ ''ਖੁੱਲ੍ਹ ਜਾਹ'' [35]ਅਤੇ ਉਹਦੇ ਕੰਨ ਖੁੱਲ੍ਹ ਗਏ ਅਰ ਉਹਦੀ ਜੀਭ ਦਾ ਅਟਕਣਾ ਜਾਂਦਾ ਰਿਹਾ ਅਤੇ ਉਹ ਸਾਫ਼ ਬੋਲਣ ਲਗ ਪਿਆ [36]ਤਦ ਉਸ ਨੇ ਉਨ੍ਹਾਂ ਨੂੰ ਤਗੀਦ ਨਾਲ ਆਖਿਆ ਭਈ ਕਿਸੇ ਕੋਲ ਨਾ ਕਹਿਣਾ! ਪਰ ਜਿੰਨੀ ਉਸ ਨੇ ਉਨ੍ਹਾਂ ਨੂੰ ਤਗੀਦ ਕੀਤੀ ਓਹ ਓਨਾਂ ਉਸ ਗੱਲ ਨੂੰ ਹੋਰ ਵੀ ਬਹੁਤ ਉਜਾਗਰ ਕਰਦੇ ਰਹੇ [37]ਅਤੇ ਲੋਕ ਡਾਢੇ ਹੈਰਾਨ ਹੋ ਕੇ ਬੋਲੇ ਕਿ ਉਹ ਨੇ ਸੱਭੋ ਕੁਝ ਅੱਛਾ ਕੀਤਾ ਹੈ! ਉਹ ਬੋਲਿਆਂ ਨੂੰ ਸੁਣਨ ਅਤੇ ਗੁੰਗਿਆਂ ਨੂੰ ਬੋਲਣ ਦੀ ਸ਼ਕਤੀ ਦਿੰਦਾ ਹੈ!

ਆਇਤ 31. ਸੂਰ ਦੀਆਂ ਹੱਦਾਂ ਤੋਂ ਨਿੱਕਲ ਕੇ ਯਿਸੂ **ਸੈਦਾ ਦੇ ਰਾਹ** ਚਲਿਆ ਗਿਆ। ਉੱਥੋਂ ਉਹਨੇ **ਦਿਕਾਪੁਲਿਸ** ਵੱਲ ਨੂੰ ਵਾਪਸੀ ਦੀ ਸ਼ੁਰੂਆਤ ਕੀਤੀ ਜੋ ਕਿ ਦੱਖਣ ਪੂਰਬ ਵੱਲ ਨੂੰ ਬੜਾ ਹੌਲੀ ਹੌਲੀ ਜਾਣਾ ਹੋਵੇਗਾ। ਇਹ ਉਹੀ ਥਾਂ ਸੀ ਜਿੱਥੇ ਉਸ ਆਦਮੀ ਨੇ ਜਿਹਨੂੰ ਪਹਿਲਾਂ ਭੂਤ ਚੰਬੜੇ ਹੋਏ ਸਨ, ਉਹਦਾ ਪ੍ਰਚਾਰ ਕੀਤਾ ਹੋਵੇਗਾ (5:20)। ਦਸ ਸ਼ਹਿਰਾਂ ਦਾ ਕਾਫ਼ੀ ਵੱਡਾ ਇਲਾਕਾ ਹੋਵੇਗਾ ਅਤੇ ਯਿਸੂ ਆਪਣਾ ਸੰਦੇਸ਼ ਲੈ ਕੇ ਦੂਜੇ ਇਲਾਕਿਆਂ ਵਿਚ ਜਾਣ ਲਈ ਉਸ ਇਲਾਕੇ ਦੇ ਇਕ ਹੋਰ ਹਿੱਸੇ ਵਿੱਚੋਂ ਦੀ ਗਿਆ ਹੋਵੇਗਾ। ਕਈਆਂ ਦਾ ਅੰਦਾਜ਼ਾ ਹੈ ਕਿ ਇਸ ਪੂਰੇ ਸਫ਼ਰ ਵਿਚ ਅੱਠ ਮਹੀਨਿਆਂ ਦਾ ਸਮਾਂ ਲਗ ਗਿਆ ਹੋਵੇਗਾ। ਯਿਸੂ ਦਾ ਗੈਰਕੌਮਾਂ ਕੋਲ ਜਾਣਾ ਇੰਜੀਲ ਦੇ ਇਸ ਵਿਰਤਾਂਤ ਦੇ ਮਰਕੁਸ ਦੇ ਸ਼ੁਰੂਆਤੀ ਪਾਠਕਾਂ ਲਈ ਹੌਸਲਾ-ਅਫ਼ਜ਼ਾਈ ਕਰਨ ਵਾਲਾ ਹੋਵੇਗਾ। ਜੇ ਮਰਕੁਸ ਦੇ ਪਹਿਲੇ ਪਾਠਕ

ਰੋਮ ਵਿਚ ਸਨ (ਜਿਸਦੀ ਸੰਭਾਵਨਾ ਲਗਦੀ ਹੈ) ਤਾਂ ਉਨ੍ਹਾਂ ਨੇ ਫ਼ੀਨੀਕੇ ਦੇ ਲੋਕਾਂ ਨਾਲ ਪ੍ਰਭੂ ਦਾ ਰਹਿਮ ਭਰਿਆ ਸਲੂਕ ਸਲਾਹਿਆ ਹੋਵੇਗਾ। ਇਨ੍ਹਾਂ ਲੋਕਾਂ ਦੇ ਕਈ ਪੁਰਖਿਆਂ ਨੂੰ ਸਿਕੰਦਰ ਮਹਾਨ ਨੇ ਉੱਥੇ ਵਸਾਇਆ ਸੀ, ਅਤੇ ਮੌਜੂਦਾ ਬਾਸ਼ਿੰਦੇ ਮੁੱਖ ਤੌਰ ਤੇ ਇੱਥੋਂ ਤਕ ਰੋਮੀ ਪ੍ਰਭਾਵ ਵਿਚ ਸਨ ਕਿ ਇਨ੍ਹਾਂ ਦੇ ਸ਼ਹਿਰਾਂ ਦੇ ਉਪਨਾਮ ''ਰੋਮ ਤੋਂ ਦੂਰ ਰੋਮ'' ਰੱਖੇ ਜਾਂਦੇ ਸਨ।[63]

ਯਿਸੂ ਦੇ ਆਪਣੇ ਦੇਸ਼ ਤੋਂ ਬਾਹਰ ਜਾਣ ਦੇ ਕਈ ਸੰਭਵ ਕਾਰਣ ਦੱਸੇ ਜਾ ਸਕਦੇ ਹਨ: ਪਹਿਲਾ, ਉਹਨੂੰ ਪਤਾ ਸੀ ਕਿ ਯਹੂਦੀ ਆਗੂ ਉਹਨੂੰ ਮਰਵਾ ਦੇਣਾ ਚਾਹੁੰਦੇ ਹਨ, ਅਤੇ ਖ਼ੁਦਾ ਦੀ ਸਮੇਂ ਸਾਰਣੀ ਵਿਚ ਅਜੇ ਉਹ ਸਮਾਂ ਨਹੀਂ ਆਇਆ ਸੀ। ਦੂਜਾ, ਯਿਸੂ ਪਹਿਲਾਂ ਇਸਰਾਏਲੀਆਂ ਕੋਲ ਆਇਆ ਸੀ, ਪਰ ਉਹਨੂੰ ਪਤਾ ਸੀ ਕਿ ਉਹਦੀ ਮੌਤ ਅਤੇ ਜੀ ਉੱਠਣ ਤੋਂ ਬਾਅਦ ਸਾਰੀ ਦੁਨੀਆਂ ਵਿਚ ਉਹਦਾ ਸੰਦੇਸ਼ ਜਾਣ ਵਾਲਾ ਸੀ। ਸੋ ਇਸ ਦੌਰੇ ਤੇ ਉਸ ਨੇ ਇੰਜੀਲ ਨੂੰ ਕਬੂਲ ਕਰਨ ਲਈ ਦੂਜੇ ਇਲਾਕਿਆਂ ਨੂੰ ਤਿਆਰ ਕੀਤਾ ਸੀ। ਤੀਜਾ, ਉਹਦੀਆਂ ਇਨਸਾਨੀ ਕਮਜ਼ੋਰੀਆਂ ਸਾਡੀਆਂ ਕਮਜ਼ੋਰੀਆਂ ਵਾਂਗ ਹੀ ਸਨ ਭਾਵ ਯਹੂਦੀ ਦੇਸ਼ ਵਿਚ ਕੀਤੇ ਜਾਣ ਵਾਲੇ ਕੰਮ ਨਾਲ ਉਹ ਥੱਕਦਾ ਅਤੇ ਚੂਰ ਚੂਰ ਹੁੰਦਾ ਸੀ। ਉਹ ਲੋਕਾਂ ਦੀ ਨਜ਼ਰ ਵਿਚ ਨਹੀਂ ਆਉਣਾ ਚਾਹੁੰਦਾ ਸੀ, ਪਰ ਅਜਿਹਾ ਹੁੰਦਾ ਨਹੀਂ ਸੀ (7:24)।

ਜੇ ਯਹੂਦੀਆ ਦੇ ਯਹੂਦੀ ਆਗੂਆਂ ਨੇ ਇਸ ਥਾਂ ਤੇ ਯਿਸੂ ਦੇ ਕੰਮ ਕਰਨ ਬਾਰੇ ਸੁਣ ਲਿਆ ਹੁੰਦਾ ਤਾਂ ਉਨ੍ਹਾਂ ਨੇ ਖੁੱਲ੍ਹ ਕੇ ਗੈਰਕੌਮਾਂ ਦੀ ਮਦਦ ਕਰਨ ਲਈ ਉਸ ਤੋਂ ਪਰੇਸ਼ਾਨ ਹੋ ਜਾਣਾ ਸੀ। ਆਖ਼ਰ, ਉਹ ਆਖ ਸਕਦੇ ਸਨ, ''ਅਸੀਂ ਖ਼ੁਦਾ ਦੇ ਲੋਕ, ਚੁਣੇ ਹੋਈ ਇਸਰਾਏਲ ਕੌਮ ਹਾਂ। ਜੇ ਇਹ ਸ਼ਖ਼ਸ ਉਹ ਮਸੀਹਾ ਹੈ ਜਿਸਦੀ ਅਸੀਂ ਉਡੀਕ ਕਰ ਰਹੇ ਹਾਂ, ਤਾਂ ਇਹ ਸਿਰਫ਼ ਸਾਡੇ ਲਈ ਹੈ।'' ਹੁਣ ਸਿਰਫ਼ ਜਿਸਮਾਨੀ ਇਸਰਾਏਲ ਨੇ ਖ਼ੁਦਾ ਦੀ ਇਕੱਲੀ ਸੰਤਾਨ ਨਹੀਂ ਰਹਿਣਾ ਸੀ। ਕਲੀਸੀਆ ਵਿਚ ਜੋ ਕਿ ਛੇਤੀ ਹੀ ਕਾਇਮ ਹੋਣ ਵਾਲੀ ਸੀ, ਯਹੂਦੀਆਂ ਅਤੇ ਗੈਰਕੌਮਾਂ ਦੋਹਾਂ ਨੇ ਹੋਣਾ ਸੀ ਅਤੇ ਇਸ ਨੂੰ ''ਪਰਮੇਸ਼ੁਰ ਦੇ ਨਵੇਂ ਇਸਰਾਏਲ'' ਦੇ ਨਾਂਅ ਨਾਲ ਜਾਣਿਆ ਜਾਣਾ ਸੀ (ਗਲਾਤੀਆਂ 6:14−16)।

ਆਇਤ 32. ਲੋਕਾਂ ਨੇ ਇੱਕ ਬੋਲੇ ਨੂੰ ਜਿਹੜਾ ਥਥਲਾ ਵੀ ਸੀ ਉਹਦੇ ਕੋਲ ਲਿਆ ਕੇ ਉਹਦੀ ਮਿੰਨਤ ਕੀਤੀ ਜੋ ਉਸ ਉੱਤੇ ਆਪਣਾ ਹੱਥ ਰੱਖੇ। ਇਸ ਹਵਾਲੇ ਵਿਚ ਦੱਸੀ ਗਈ ਬੋਲਣ ਦੀ ਮੁਸ਼ਕਿਲ ਵਾਲੇ ਆਦਮੀ ਨੂੰ ਯਿਸੂ ਵੱਲੋਂ ਚੰਗਾ ਕੀਤੇ ਜਾਣ ਦੀ ਕਹਾਣੀ ਕਿਤੇ ਹੋਰ ਨਹੀਂ ਦੱਸੀ ਗਈ। ਇਸ ਆਦਮੀ ਦੀ ਹਾਲਤ ਅਸਲ ਵਿਚ ''ਹਕਲਾਉਣ'' (YLT) ਦੀ ਸੀ। ਯਿਸੂ ਤੋਂ ਇਸ ਚਮਤਕਾਰ ਦਾ ਵੱਡਾ ਵਿਖਾਵਾ ਕਰਨ ਦੀ ਉਮੀਦ ਕੀਤੀ ਗਈ ਹੋਵੇਗੀ, ਕਿਉਂ ਜੋ ਉਸ ਸਮੇਂ ਵਿਚ ਸਦੀਆਂ ਬਾਅਦ ਤਕ ਬੋਲੇ ਨੂੰ ਸੁਣਨ ਅਤੇ ਬੋਲਣ ਦੇ ਯੋਗ ਬਣਾ ਦੇਣ ਦੀ ਗੱਲ ਕਿਤੇ ਕਦੀ ਸੁਣੀ ਨਹੀਂ ਗਈ ਸੀ।

ਯਿਸੂ ਨੇ ਚਮਤਕਾਰ ਉਵੇਂ ਨਹੀਂ ਕੀਤੇ ਜਿਵੇਂ ਸਾਨੂੰ ਉਮੀਦ ਹੋ ਸਕਦੀ ਹੈ। ਨਾਮਾਨ ਕੋੜ੍ਹੀ ਨੇ ਅਲੀਸ਼ਾ ਵੱਲੋਂ ਉਸ ਨੂੰ ਉਸ ਦੀ ਉਮੀਦ ਦੇ ਮੁਤਾਬਿਕ ਚੰਗਿਆਈ ਨਾ ਦੇਣ ਤੇ ਮੂਰਖਤਾ ਭਰਿਆ ਜਵਾਬ ਦਿੱਤਾ (2 ਰਾਜਿਆਂ 5); ਦਲਦਲ ਭਰੇ ਯਰਦਨ ਦਰਿਆ ਵਿਚ ਡੁਬਕੀ ਲਾਉਣ ਦੀ ਥਾਂ ਉਸ ਨੂੰ ਕਿਸੇ ਹੋਰ ਸ਼ਾਨਦਾਰ ਗੱਲ ਕਹੇ ਜਾਣ ਦੀ ਉਮੀਦ ਸੀ। ਕੁਝ ਦੇਰ ਤਕ ਸੀਰੀਆ ਦੀ ਫ਼ੌਜ ਦੇ ਵੱਡੇ ਜਰਨੈਲ ਦੇ ਤੌਰ ਤੇ ਸੇਵਾ ਕਰਨ ਤੋਂ ਬਾਅਦ ਉਹ ਅਜਿਹਾ ਅਡੰਬਰ ਵੇਖਣ ਦਾ ਆਦੀ ਹੋ ਚੁੱਕਿਆ ਸੀ।

ਆਇਤਾਂ 33, 34. ਗੜਬੜ ਤੋਂ ਬਚਣ ਲਈ ਯਿਸੂ **ਉਸ ਨੂੰ ਭੀੜ ਤੋਂ ਅਲੱਗ ਲੈ ਗਿਆ,** ਕਿਉਂ ਜੋ ਆਪਣੇ ਆਲੇ ਦੁਆਲੇ ਅਵਾਜ਼ਾਂ ਦਾ ਰੌਲਾ ਅਚਾਨਕ ਸੁਣ ਕੇ ਉਹ ਸਦਮੇ ਵਿਚ ਆ ਸਕਦਾ ਸੀ। ਯਿਸੂ ਨੇ ਉਸ ਨੂੰ ਉਹਦੇ ਲਈ ਜੋ ਹੋਣ ਵਾਲਾ ਸੀ, ਤਿਆਰ ਕਰਨ ਲਈ, ਕੱਚੀ ਪੱਕੀ ਸੰਕੇਤਕ ਭਾਸ਼ਾ ਦੀ ਵਰਤੋਂ ਕੀਤੀ।[64] ਉਸ ਨੇ **ਆਪਣੀਆਂ ਉਂਗਲੀਆਂ ਉਹਦੇ ਕੰਨਾਂ ਵਿੱਚ ਦਿੱਤੀਆਂ ਅਤੇ ਥੁੱਕ ਕੇ ਉਹਦੀ ਜੀਭ ਛੋਹੀ।** ਉਸ ਆਦਮੀ ਨੂੰ ਇਹ ਵਿਖਾਉਣ ਲਈ ਕਿ ਉਹਦੀ ਜੀਭ ਨੂੰ ਵਿਕਲਾਂਗਤਾ ਤੋਂ ਛੁਡਾਉਣ ਵਿਚ ਕੀ ਹੋਣ ਵਾਲਾ ਸੀ, ਉਸ ਨੇ ਉਹਦੀ ਜੀਭ ਨੂੰ ਛੂਹਿਆ। ਨਵੇਂ ਨੇਮ ਦੇ ਸਮਿਆਂ ਵਿਚ ਮੰਨਿਆ ਜਾਂਦਾ ਸੀ ਕਿ ਥੁੱਕ ਵਿਚ ਸ਼ਿਫਾ ਦੇਣ ਵਾਲੀ ਸ਼ਕਤੀ ਹੈ।[65] ਉਸ ਬੋਲ਼ੇ ਨੂੰ ਇਸ ਦਾ

ਪਤਾ ਹੋਵੇਗਾ ਅਤੇ ਸ਼ਾਇਦ ਉਸ ਨੂੰ ਇਸ ਨਾਲ ਹਿੱਮਤ ਮਿਲੀ, ਕਿਉਂ ਜੋ ਇਸ ਨਾਲ ਇਹ ਸੰਕੇਤ ਮਿਲਿਆ ਕਿ ਯਿਸੂ ਉਸ ਨੂੰ ਚੰਗਾ ਕਰ ਦਏਗਾ। ਜੇ ਕੋਈ ਉਹਦਾ ਪੱਲਾ ਛੂਹ ਕੇ ਚੰਗਾ ਹੋ ਸਕਦਾ ਸੀ ਤਾਂ ਉਹਦੇ ਥੁੱਕ ਵਿਚ ਵੀ ਕਿੰਨੀ ਸ਼ਕਤੀ ਹੋਵੇਗੀ।

ਇਹ ਵਿਖਾਉਣ ਲਈ ਕਿ ਇਹ ਚੰਗਿਆਈ ਖ਼ੁਦਾ ਦੀ ਤਰਫ਼ੋਂ ਸੀ, ਯਿਸੂ ਨੇ **ਆਕਾਸ਼ ਵੱਲ ਵੇਖ ਕੇ ਹਾਉਕਾ ਭਰਿਆ।** ਉੱਪਰ ਵੱਲ ਨੂੰ ਵੇਖ ਕੇ ਅਤੇ ਹੌਕਾ ਭਰਕੇ ਉਹਨੇ ਇਹ ਸੰਕੇਤ ਦਿੱਤਾ ਕਿ ਉਹਦੀ ਬੇਨਤੀ, ਮਦਦ ਲਈ ਖ਼ੁਦਾ ਅੱਗੇ ਗੰਭੀਰ ਪੁਕਾਰ ਹੈ। ਯਿਸੂ ਨੂੰ ਪਤਾ ਸੀ ਕਿ ਉਸ ਬੋਲ਼ੇ ਆਦਮੀ ਨੂੰ ਚਿਹਰੇ ਦੇ ਹਾਵ ਭਾਵ ਤੋਂ ਬਹੁਤ ਕੁਝ ਸਮਝ ਆ ਸਕਦਾ ਹੈ।

ਸ਼ਬਦ ''ਹਾਉਕਾ'' (στενάζω, *ਸਟੇਨਾਜ਼ੋ*) ਉਹੀ ਸ਼ਬਦ ਹੈ ਜਿਹਦਾ ਅਨੁਵਾਦ ਰੋਮੀਆਂ 8:23, 26 ਵਿਚ ''ਹਾਉਕੇ ਭਰਦੇ'' ਅਤੇ ''ਹਾਉਕੇ ਭਰ ਕੇ'' ਹੋਇਆ ਹੈ। ਪਵਿੱਤਰ ਆਤਮਾ ਸਾਡੀਆਂ ਬੇਨਤੀਆਂ ਨੂੰ ਸੁਰਗੀ ਭਾਸ਼ਾ ਵਿਚ ਬਦਲ ਕੇ ਹੌਕੇ ਭਰਨ ਨਾਲ ਸਾਡੀ ਮਦਦ ਕਰਦਾ ਹੈ। ਭਲਾ ਮਨੁੱਖ ਰੂਪ ਵਿਚ ਧਰਤੀ ਤੇ ਰਹਿਣ ਦੌਰਾਨ ਯਿਸੂ ਦੁਆ ਕਰਨ ਤਕ ਮਹਿਦੂਦ ਸੀ? ਉਸ ਦੇ ''ਹਾਉਕੇ'' ਤੋਂ ਇਸ ਸੰਭਾਵਨਾ ਦਾ ਸੰਕੇਤ ਮਿਲ ਸਕਦਾ ਹੈ ਕਿ ਉਹਦੇ ਲਈ ਦੁਆ ਕਰਨਾ ਜ਼ਰੂਰੀ ਸੀ। ਦੁਆ ਕਰਨ ਵਿਚ ਆਤਮਾ ਦੇ ''ਹਾਉਕੇ ਭਰਨ'' ਦੀ ਮਦਦ ਉਸ ਨੂੰ ਵੀ ਉਵੇਂ ਹੀ ਚਾਹੀਦੀ ਹੋ ਸਕਦੀ ਹੈ ਜਿਵੇਂ ਸਾਨੂੰ ਚਾਹੀਦੀ ਹੁੰਦੀ ਹੈ। ਦੁਆ ਵਿਚ ਸਾਡੇ ਪ੍ਰਭੂ ਨੇ ਸਾਡੇ ਬੋਝ ਆਪਣੇ ਉੱਤੇ ਲੈ ਲਏ।

ਫਿਰ ਯਿਸੂ ਨੇ ਅਰਾਮੀ ਭਾਸ਼ਾ ਵਿਚ ਇਕ ਸ਼ਬਦ ਬੋਲਿਆ, **''ਇੱਫ਼ਤਾ!''** ਅਰਾਮੀ ਭਾਸ਼ਾ ਯਿਸੂ ਦੀ ਮਾਂ ਬੋਲੀ ਸੀ ਅਤੇ ਇਸ ਆਦਮੀ ਦੀ ਵੀ ਹੋਵੇਗੀ, ਜਿਸਨੇ ਛੇਤੀ ਹੀ ਸਾਫ਼-ਸਾਫ਼ ਬੋਲਣ ਲਗ ਪੈਣਾ ਸੀ। ਬਾਈਬਲ ਦੱਸਦੀ ਹੈ ਕਿ ''ਇੱਫ਼ਤਾ'' ਦਾ ਮਤਲਬ **''ਖੁੱਲ੍ਹ ਜਾਹ''** ਹੈ।

ਆਇਤ 35. ਇਹ ਸ਼ਬਦ ਬੋਲਦਿਆਂ ਹੀ, **ਉਹਦੇ ਕੰਨ ਖੁੱਲ੍ਹ ਗਏ ਅਰ ਉਹਦੀ ਜੀਭ ਦਾ ਅਟਕਣਾ ਜਾਂਦਾ ਰਿਹਾ।** ਹੁਣ ਉਹਦੇ **ਸਾਫ਼** ਬੋਲ ਸਕਣ ਤੋਂ ਦੋਹਰੇ ਚਮਤਕਾਰ ਦਾ ਪਤਾ ਲਗਦਾ ਹੈ। ਜੇ ਉਸ ਨੇ ਪਹਿਲਾਂ ਕਦੇ ਬੋਲਦੇ ਸੁਣਿਆ ਨਾ ਹੋਵੇ ਤਾਂ ਹੁਣ ਉਹ ਬੋਲ ਨਹੀਂ ਸਕਦਾ ਸੀ। ਅਜਿਹੀ ਕਮੀ ਲਈ ਹੌਲੀ ਹੌਲੀ ਸਿੱਖਣ ਦੀ ਪ੍ਰਕਿਰਿਆ ਜ਼ਰੂਰੀ ਹੋਣੀ ਸੀ। ਸਾਰੀ ''ਸ਼ਰਿਸ਼ਟੀ ਨੇ ਸਿਰਜਣਹਾਰ ਦਾ ਹੁਕਮ ਸੁਣਿਆ ਅਤੇ ਇਹ ਆਦਮੀ ਚੰਗਾ ਹੋ ਗਿਆ।''[66]

ਆਇਤ 36. ਵੇਖਣ ਵਾਲਿਆਂ ਨੂੰ ਯਿਸੂ ਨੇ ਹੁਕਮ ਦਿੱਤਾ ਕਿ ਇਸ ਚਮਤਕਾਰ ਬਾਰੇ **ਕਿਸੇ ਕੋਲ ਨਾ ਕਹਿਣਾ** (ਵੇਖੋ 5:43)। ਮਨੁੱਖੀ ਸੁਭਾਅ ਤਾਂ ਅਜਿਹਾ ਹੀ ਹੈ ਕਿ **ਜਿੰਨੀ ਉਸ ਨੇ ਉਨ੍ਹਾਂ ਨੂੰ ਤਗੀਦ ਕੀਤੀ ਓਹ ਓਨਾਂ ਉਸ ਗੱਲ ਨੂੰ ਹੋਰ ਵੀ ਬਹੁਤ ਉਜਾਗਰ ਕਰਦੇ ਰਹੇ।** ਉਨ੍ਹਾਂ ਨੇ ਵੇਖਿਆ ਕਿ ਮਸੀਹ ਵੱਲੋਂ ਇਕ ਚਮਤਕਾਰ ਹੋਇਆ ਹੈ। ਜਿਵੇਂ ਕਿ ਕਈ ਵਾਰ ਸੁਝਾਅ ਦਿੱਤਾ ਜਾਂਦਾ ਹੈ, ਇਹ ਇਸ ਗੱਲ ਨੂੰ ਸਾਬਤ ਨਹੀਂ ਕਰਦਾ ਕਿ ਉਨ੍ਹਾਂ ਲੋਕਾਂ ਨੂੰ ਚਮਤਕਾਰਾਂ ਬਾਰੇ ਜਿਹੜੇ ਉਨ੍ਹਾਂ ਨੇ ਵੇਖੇ ਸਨ ਜਾਂ ਉਨ੍ਹਾਂ ਨਾਲ ਹੋਏ ਸਨ ਉਨ੍ਹਾਂ ਨੂੰ ਦੱਸਣ ਤੋਂ ਵਰਜਣ ਵੇਲੇ ਯਿਸੂ ਨੂੰ ਪਤਾ ਸੀ ਕੀ ਕੀ ਹੋਣ ਵਾਲਾ ਹੈ। ਇਸ ਦੇ ਉਲਟ ਇਨ੍ਹਾਂ ਲੋਕਾਂ ਨੇ ਰਾਜ ਦੀ ਕੁਦਰਤ ਨੂੰ ਗਲਤ ਸਮਝਿਆ ਅਤੇ ਉਹ ਇਹ ਦੱਸਣ ਲਈ ਤਿਆਰ ਨਹੀਂ ਸਨ ਕਿ ਇਸ ਚਮਤਕਾਰ ਦਾ ਕੀ ਮਤਲਬ ਹੈ। ਜਦੋਂ ਤਕ ਉਨ੍ਹਾਂ ਦੇ ਦਿਮਾਗ ਵਿਚ ਉਸ ਦਾ ਮਿਸ਼ਨ ਸਪੱਸ਼ਟ ਨਹੀਂ ਹੋਇਆ ਉਦੋਂ ਤਕ ਉਹ ''ਗ੍ਰੇਟ ਕਮੀਸ਼ਨ'' ਨੂੰ ਪੂਰਾ ਕਰਨ ਲਈ ਤਿਆਰ ਨਹੀਂ ਸਨ।

ਇਸ ਤੋਂ ਛੁੱਟ, ਯਿਸੂ ਨਹੀਂ ਚਾਹੁੰਦਾ ਸੀ ਕਿ ਲੋਕ ਉਹਨੂੰ ਸਿਰਫ਼ ਚਮਤਕਾਰ ਕਰਨ ਵਾਲੇ ਦੇ ਤੌਰ ਤੇ ਜਾਣਨ। ਉਹ ਆਪਣੇ ਸੰਦੇਸ਼ ਵੱਲ ਇਸ ਨਾਲੋਂ ਵੀ ਵਧਕੇ ਧਿਆਨ ਦੁਆਉਣਾ ਚਾਹੁੰਦਾ ਸੀ, ਜੋ ਕਿ ਬੇਲੋੜੀ ਉੱਤੇਜਨਾ ਨਾਲ ਲੁਕ ਜਾਣਾ ਸੀ। ਛੇਤੀ ਹੀ ਉਸ ਨੇ ਸੰਸਾਰ ਦੇ ਮੁਕਤੀਦਾਤੇ ਦੇ ਰੂਪ ਵਿਚ ਜਾਣਿਆ ਜਾਣਾ ਸੀ। ਉਦੋਂ ਚੰਗਿਆਈ ਦੇਣ ਦੀ ਉਹਦੀ ਮਹਾਰਤ ਪਿਛੋਕੜ ਵਿਚ ਚਲੀ ਜਾਣੀ ਸੀ। ਉਸ ਦੇ ਸੁਰਗ ਵਿਚ ਵਾਪਸ ਚਲੇ ਜਾਣ ਤੇ, ਆਤਮਾ ਦੀਆਂ ਚਮਤਕਾਰੀ ਯੋਗਤਾਵਾਂ ਰਸੂਲਾਂ ਨੂੰ ਉਨ੍ਹਾਂ

ਦੀ ਜ਼ਿੰਦਗੀ ਭਰ ਲਈ (ਅਤੇ ਉਨ੍ਹਾਂ ਦੀ ਜ਼ਿੰਦਗੀ ਭਰ ਲਈ ਜਿਨ੍ਹਾਂ ਤੇ ਉਨ੍ਹਾਂ ਨੇ ''ਹੱਥ ਰੱਖ ਕੇ'' ਇਹ ਦਾਨ ਅੱਗੇ ਦੇਣਾ ਸੀ; ਕਰਤੱਬ 8: 18) ਦਿੱਤੀਆਂ ਜਾਣੀਆਂ ਸਨ। ਹੌਲੀ ਹੌਲੀ ਕਰਕੇ ਚਮਤਕਾਰ ਹੋਣੇ ਬੰਦ ਹੋ ਜਾਣੇ ਸਨ ਅਤੇ ਫਿਰ ਲੋਕਾਂ ਨੂੰ ਉਨ੍ਹਾਂ ਬਾਰੇ ਵਚਨ ਦੇ ਰਾਹੀਂ ਪਤਾ ਲੱਗਣਾ ਸੀ, ਜਿਵੇਂ ਸਾਨੂੰ ਲਗਦਾ ਹੈ (ਵੇਖੋ ਯੂਹੰਨਾ 20:30, 31)। ਯਿਸੂ ਦੇ ਮੋਅਜਜ਼ਿਆਂ ਨੇ ਇਹ ਸਾਬਿਤ ਕਰ ਦਿੱਤਾ ਕਿ ਉਹ ਕੌਣ ਹੈ ਅਤੇ ਉਸ ਦੇ ਸਭ ਤੋਂ ਵੱਡੇ ਮੋਅਜਜ਼ੇ ਭਾਵ ਉਸ ਦੇ ਜੀ ਉੱਠਣ ਨਾਲ ਇਸ ਦੀ ਤਸਦੀਕ ਹੋਈ।

ਆਇਤ 37. ਇਸ ਇਲਾਕੇ ਦੇ ਨੇੜੇ ਪਹਿਲਾਂ ਬਦਰੂਹਾਂ ਨੂੰ ਕੱਢਣ ਤੋਂ ਬਾਅਦ, ਲੋਕਾਂ ਨੇ ਉਸ ਨੂੰ ਚਲੇ ਜਾਣ ਦੀ ਬੇਨਤੀ ਕਰਕੇ ਜਵਾਬ ਦਿੱਤਾ ਸੀ (5: 1–20)। ਪਰ ਹੁਣ ਲੋਕਾਂ ਨੇ ਬਿਲਕੁਲ ਸਹੀ ਆਖਿਆ ਕਿ **''ਉਹਨੇ ਸੱਭੋ ਕੁਝ ਅੱਛਾ ਕੀਤਾ ਹੈ!''**[67] ਮਰਕੁਸ 7 ਅਧਿਆਇ ਵਾਲੀਆਂ ਘਟਨਾਵਾਂ ਯਸਾਯਾਹ 35:5, 6 ਦੀ ਨਬੂਵਤ ਦਾ ਚੇਤਾ ਕਰਵਾਉਂਦੀਆਂ ਹਨ:

> ਤਦ ਅੰਨ੍ਹਿਆਂ ਦੀਆਂ ਅੱਖਾਂ ਸੁਜਾਖੀਆਂ ਹੋ ਜਾਣਗੀਆਂ,
> ਅਤੇ ਬੋਲ਼ਿਆਂ ਦੇ ਕੰਨ ਖੁੱਲ੍ਹ ਜਾਣਗੇ।
> ਤਦ ਲੰਙਾ ਹਿਰਨ ਵਾਂਙੁ ਚੌਕੜੀਆਂ ਭਰੇਗਾ,
> ਅਤੇ ਗੁੰਗੇ ਦੀ ਜ਼ਬਾਨ ਜੈਕਾਰਾ ਗਜਾਵੇਗੀ, ...

ਯਿਸੂ ਵੱਲੋਂ ਕੀਤੇ ਗਏ ਕੰਮਾਂ ਨਾਲ **ਲੋਕ ਡਾਢੇ ਹੈਰਾਨ** ਸਨ। ਭਾਵੇਂ ਇਹ ਇਲਾਕਾ ਗੈਰਕੌਮਾਂ ਦਾ ਸੀ ਪਰ ਯਿਸੂ ਦੇ ਇੱਥੋਂ ਜਾਣ ਤੋਂ ਪਹਿਲਾਂ, ਲੋਕ ਇਸਰਾਏਲ ਦੇ ਖ਼ੁਦਾ ਦੀ ਵਡਿਆਈ ਕਰ ਰਹੇ ਸਨ (ਵੇਖੋ ਮੱਤੀ 15:30, 31)।

ਪ੍ਰਸੰਗਿਕਤਾ

ਰੀਤਾਂ ਅਤੇ ਹੁਕਮ ਤੋੜਨਾ (7: 1-8)

ਯਿਸੂ ਗਲੀਲ ਵਿਚ ਰਿਹਾ ਸੀ ਕਿਉਂ ਜੋ ਯਰੂਸ਼ਲਮ ਵਿਚ ਉਹਦਾ ਵਿਰੋਧ ਹੋਇਆ ਸੀ ਜਿਸਦਾ ਸਾਹਮਣਾ ਉਹ ਇਸ ਸਮੇਂ ਆਪਣੀ ਸੇਵਕਾਈ ਵਿਚ ਨਹੀਂ ਕਰਨਾ ਚਾਹੁੰਦਾ ਸੀ। ਉਹ ਚਾਹੁੰਦਾ ਸੀ ਕਿ ਉਹ ਖੁੱਲ੍ਹ ਕੇ ਉਪਦੇਸ਼ ਦੇ ਸਕੇ। ਅਜਿਹਾ ਲੱਗਾ ਕਿ ਗਲੀਲ ਦੇ ਇਲਾਕੇ ਵਿਚ ਉਸ ਨੂੰ ਵਧੀਆ ਥਾਂ ਮਿਲ ਗਈ ਜਿੱਥੇ ਉਹ ਉਪਦੇਸ਼ ਦੇ ਸਕਦਾ ਸੀ। ਪਰ ਕੁਝ ਫ਼ਰੀਸੀਆਂ ਨੇ ਗਲੀਲ ਵਿਚ ਆ ਕੇ ਉਸ ਦੀਆਂ ਸਿੱਖਿਆਵਾਂ ਜਾਂ ਕੰਮਾਂ ਵਿਚ ਕੋਈ ਨੁਕਸ ਕੱਢਣ ਦੀ ਕੋਸ਼ਿਸ਼ ਕਰਨ ਦਾ ਫ਼ੈਸਲਾ ਕੀਤਾ।

ਯਿਸੂ ਤੇ ਨਜ਼ਰ ਰੱਖਦੇ ਹੋਏ ਇਨ੍ਹਾਂ ਫ਼ਰੀਸੀਆਂ ਨੇ ਉਹਦੇ ਚੇਲਿਆਂ ਨੂੰ ਮਨੁੱਖਾਂ ਦੀਆਂ ਬਣਾਈਆਂ ਉਨ੍ਹਾਂ ਦੀਆਂ ਰੀਤਾਂ ਨੂੰ ਤੁੱਛ ਸਮਝਦੇ ਹੋਏ ਫੜ੍ਹ ਲਿਆ। ਉਨ੍ਹਾਂ ਲਈ ਇਹ ਬੜੀ ਗੰਭੀਰ ਗੱਲ ਸੀ, ਜਿਸ ਕਰਕੇ ਉਨ੍ਹਾਂ ਨੇ ਯਿਸੂ ਦੀ ਆਲੋਚਨਾ ਕੀਤੀ। ਯਿਸੂ ਦੇ ਖ਼ਿਲਾਫ਼ ਉਨ੍ਹਾਂ ਦਾ ਇਲਜ਼ਾਮ ਸੀ ਕਿ ''ਉਨ੍ਹਾਂ ਨੇ ਉਹਦੇ ਕਿੰਨਿਆਂ ਚੇਲਿਆਂ ਨੂੰ ਅਸ਼ੁੱਧ ਅਰਥਾਤ ਅਣਧੋਤੇ ਹੱਥਾਂ ਨਾਲ ਰੋਟੀ ਖਾਂਦੇ ਵੇਖਿਆ ਸੀ'' (7:2)। ਮਰਕੁਸ 7:3, 4 ਉਨ੍ਹਾਂ ਦੀ ਸ਼ਿਕਾਇਤ ਨੂੰ ਥੋੜ੍ਹਾ ਖੋਲ੍ਹ ਕੇ ਨਾਲ ਦੱਸਦਾ ਹੈ:

> (ਕਿਉਂ ਜੋ ਫ਼ਰੀਸੀ ਅਤੇ ਸਾਰੇ ਯਹੂਦੀ ਵੱਡਿਆਂ ਦੀ ਰੀਤ ਨੂੰ ਮੰਨ ਕੇ ਜਦ ਤੀਕਰ ਹੱਥਾਂ ਨੂੰ ਮਲ ਮਲ ਕੇ ਨਾ ਧੋ ਲੈਣ ਖਾਂਦੇ ਨਹੀਂ ਅਤੇ ਬਜ਼ਾਰੋਂ ਆਣ ਕੇ ਨਹੀਂ ਖਾਂਦੇ ਜਿੰਨਾਂ ਚਿਰ ਨ੍ਹਾ ਨਾ ਲੈਣ ਅਤੇ ਹੋਰ ਬਥੇਰੀਆਂ ਗੱਲਾਂ ਹਨ ਜਿਹੜੀਆਂ ਉਨ੍ਹਾਂ ਨੇ ਮੰਨਣ ਲਈ ਕਬੂਲ ਕੀਤੀਆਂ ਹਨ ਜਿਵੇਂ ਕਟੋਰਿਆਂ ਅਰ ਗੜਵਿਆਂ ਅਰ ਪਿੱਤਲ ਦੇ ਭਾਂਡਿਆਂ ਦਾ ਧੋਣਾ)।

ਫ਼ਰੀਸੀਆਂ ਦਾ ਇਲਜ਼ਾਮ ਇਹ ਨਹੀਂ ਸੀ ਕਿ ਪ੍ਰਭੂ ਦੇ ਚੇਲਿਆਂ ਨੇ ਖਾਣਾ ਗੰਦੇ ਹੱਥਾਂ ਨਾਲ ਖਾਧਾ,

ਬਲਕਿ ਇਹ ਸੀ ਕਿ ਉਨ੍ਹਾਂ ਨੇ ਵੱਡਿਆਂ ਦੀਆਂ ਦੱਸੀਆਂ ਗਈਆਂ ਰੀਤਾ ਮੁਤਾਬਿਕ ਧੋਣ ਦੀਆਂ ਵਿਧੀਆਂ ਨੂੰ ਨਹੀਂ ਮੰਨਿਆ ਸੀ। ਇਸ ਚਰਚਾ ਨਾਲ ਦੋ ਤਰ੍ਹਾਂ ਦੇ ਧੋਣ ਦਾ ਸਬੰਧ ਹੈ। ਪਹਿਲਾ, ਜੋ ਕਿ ਉਨ੍ਹਾਂ ਦੀ ਮੁੱਖ ਚਿੰਤਾ ਸੀ, ਯਹੂਦੀ ਰੀਤਾਂ ਵਿਚ ਠਹਿਰਾਇਆ ਗਿਆ ਰਸਮੀ ਧੋਣਾ ਸੀ, ਜਿਸ ਨੂੰ ਕਈ ਵਾਰ ਖਾਣ ਨਾਲ ਜੋੜਿਆ ਜਾਂਦਾ ਸੀ। ਦੂਜਾ ਧੋਣਾ, ਖਾਣ ਤੋਂ ਪਹਿਲਾਂ ਸਾਫ਼–ਸਫ਼ਾਈ ਲਈ ਸੀ। ਪਹਿਲਾ ਧੋਣਾ ਅੰਦਰੂਨੀ ਸ਼ੁੱਧਤਾ ਦੀ ਗੱਲ ਸੀ ਅਤੇ ਦੂਜਾ ਬਾਹਰੀ ਸ਼ੁੱਧਤਾ ਦੀ। ਫ਼ਰੀਸੀਆਂ ਨੇ ਸਿਰਫ਼ ਯਹੂਦੀ ਰੀਤ ਦੇ ਮੁਤਾਬਿਕ ਠਹਿਰਾਏ ਗਏ ਰਸਮੀ ਸ਼ੁੱਧ ਕੀਤੇ ਜਾਣ ਦੀ ਗੱਲ ਕੀਤੀ।

ਯਿਸੂ ਤੋਂ ਪੁੱਛਿਆ ਗਿਆ ਉਨ੍ਹਾਂ ਦਾ ਸਿੱਧਾ ਸਵਾਲ ਇਹ ਸੀ: ''ਤੇਰੇ ਚੇਲੇ ਵੱਡਿਆਂ ਦੀ ਰੀਤ ਉੱਤੇ ਕਿਉਂ ਨਹੀਂ ਚੱਲਦੇ ਪਰ ਅਸ਼ੁੱਧ ਹੱਥੀਂ ਰੋਟੀ ਖਾਂਦੇ ਹਨ?'' (7:5)। ਯਿਸੂ ਨੇ ਉਨ੍ਹਾਂ ਦੇ ਸਵਾਲ ਨੂੰ ਸੁਣਿਆ, ਪਰ ਇਸ ਤੇ ਕੋਈ ਗੱਲ ਨਹੀਂ ਕੀਤੀ ਕੀ ਉਸ ਦੇ ਚੇਲਿਆਂ ਨੇ ਯਹੂਦੀ ਰੀਤਾਂ ਨੂੰ ਤੋੜਿਆ ਹੈ ਜਾਂ ਨਹੀਂ। ਉਸ ਨੇ ਉਨ੍ਹਾਂ ਦੇ ਸਵਾਲ ਦਾ ਜਵਾਬ ਸਿਰਫ਼ ਇਹ ਧਿਆਨ ਦੁਆ ਕੇ ਕੀਤਾ ਕਿ ਉਨ੍ਹਾਂ ਦੀਆਂ ਮਨੁੱਖੀ ਰੀਤਾਂ ਹੁਕਮ ਤੋੜਨਾ ਬਣ ਚੁੱਕੀਆਂ ਸਨ।

ਆਓ ਉਸ ਦੀ ਵਿਆਖਿਆ ਤੇ ਥੋੜ੍ਹਾ ਹੋਰ ਗੌਰ ਕਰਦੇ ਹਾਂ। ਆਪਣੇ ਆਲੇ ਦੁਆਲੇ ਧਾਰਮਿਕ ਰੀਤਾਂ ਵਿਚ ਕੰਮ ਕਰਨ ਅਤੇ ਖ਼ੁਦਾ ਦੇ ਵਚਨ ਦੇ ਨਿਰੋਲ ਹੁਕਮ ਨੂੰ ਮੰਨਣ ਦੀ ਤਲਾਸ਼ ਕਰਨ ਵਿਚ ਉਹਦਾ ਜਵਾਬ ਸਾਡੇ ਲਈ ਮਦਦਗਾਰ ਹੋਵੇਗਾ।

1. ਯਿਸੂ ਨੇ ਆਖਿਆ ਕਿ ਰਸਮਾਂ ਜਦ *ਖ਼ੁਦਾ ਦੇ ਵਚਨ ਦੀ ਥਾਂ* ਲੈ ਲੈਂਦੀਆਂ ਹਨ ਤਾਂ ਉਹ ਹੁਕਮ ਤੋੜਨ ਵਾਲੀਆਂ ਬਣ ਜਾਂਦੀਆਂ ਹਨ। ਫ਼ਰੀਸੀਆਂ ਨੂੰ ਕਹੇ ਉਸ ਦੇ ਅਸਲ ਸ਼ਬਦ ਸਨ ''ਤੁਸੀਂ ਪਰਮੇਸ਼ੁਰ ਦੇ ਹੁਕਮ ਨੂੰ ਛੱਡ ਕੇ ਮਨੁੱਖਾਂ ਦੀ ਰੀਤ ਨੂੰ ਮੰਨ ਲੈਂਦੇ ਹੋ'' (7:8)। ਅੱਗੇ ਉਸ ਨੇ ਆਖਿਆ, ''ਤੁਸੀਂ ਪਰਮੇਸ਼ੁਰ ਦੇ ਹੁਕਮ ਨੂੰ ਚੰਗੀ ਤਰ੍ਹਾਂ ਟਾਲ ਦਿੰਦੇ ਹੋ ਤਾਂ ਜੋ ਆਪਣੀ ਰੀਤ ਨੂੰ ਕਾਇਮ ਰੱਖੋ'' (7:9)।

ਯਹੂਦੀ ਰੀਤਾਂ ਖ਼ੁਦਾ ਦੇ ਹੁਕਮ ਨਹੀਂ ਸਨ। ਉਹ ਖ਼ੁਦਾ ਦੇ ਹੁਕਮਾਂ ਨਾਲ ਜੁੜੇ ਰੱਬੀਆਂ ਵੱਲੋਂ ਬਣਾਏ ਗਏ ਨਿਯਮ ਸਨ। ਜਦੋਂ ਯਹੂਦੀ ਪੁਰਖਿਆਂ ਨੇ ਆਪਣੀਆਂ ਰੀਤਾਂ ਨੂੰ ਖ਼ੁਦਾ ਦੇ ਵਚਨ ਦੀ ਥਾਂ ਦੇਣਾ ਸ਼ੁਰੂ ਕਰ ਦਿੱਤਾ, ਤਾਂ ਉਹ ਹੁਕਮ ਤੋੜ ਰਹੇ ਸਨ, ਨਾ ਕਿ ਉਸ ਨੂੰ ਮੰਨ ਰਹੇ ਸਨ।

ਉਦਾਹਰਣ ਲਈ, ਜੇ ਅਸੀਂ ਇਹ ਫ਼ੈਸਲਾ ਲੈ ਲਈਏ ਕਿ ''ਅਸੀਂ ਜੇ ਪ੍ਰਭੂ ਭੋਜ ਨੂੰ ਸਿਰਫ਼ ਵੱਡੇ ਦਿਨ ਵਾਲੇ ਦਿਨ ਅਤੇ ਈਸਟਰ ਵਾਲੇ ਦਿਨ ਲਈਏ, ਤਾਂ ਬਹੁਤ ਵਧੀਆ ਰਹੇਗਾ,'' ਤਾਂ ਅਸੀਂ ਪ੍ਰਭੂ ਭੋਜ ਨੂੰ ਹਫ਼ਤੇ ਦੇ ਪਹਿਲੇ ਦਿਨ ਮਨਾਏ ਜਾਣ ਨੂੰ ਕੱਢ ਰਹੇ ਹੋਵਾਂਗੇ। ਇਸ ਭੋਜ ਨੂੰ ਹਰ ਐਤਵਾਰ ਦੀ ਬੰਦਗੀ ਦਾ ਹਿੱਸਾ ਹੋਣਾ ਚਾਹੀਦਾ ਹੈ, ਜਿਵੇਂ ਕਿ ਪਹਿਲੀ ਸਦੀ ਦੇ ਮਸੀਹੀ ਲੋਕਾਂ ਦਾ ਨਮੂਨਾ ਦੇ ਕੇ ਪਵਿੱਤਰ ਆਤਮਾ ਨੇ ਸਾਨੂੰ ਇਸ ਨੂੰ ਮਨਾਏ ਜਾਣ ਲਈ ਆਖਿਆ ਹੈ। ਅਸੀਂ ਭੋਜ ਨੂੰ ਮਨਾਉਣ ਦਾ ਰਵਾਇਤੀ ਢੰਗ ਨਾ ਮੰਨੀਏ। ਮਨੁੱਖਾਂ ਦੀਆਂ ਰੀਤਾਂ ਨੂੰ ਖ਼ੁਦਾ ਦੇ ਵਚਨ ਦੀ ਥਾਂ ਨਹੀਂ ਦਿੱਤੀ ਜਾ ਸਕਦੀ। ਜਦੋਂ ਅਜਿਹਾ ਹੁੰਦਾ ਹੈ ਤਾਂ ਅਸੀਂ ਹੁਕਮ ਮੰਨਣ ਵਾਲੇ ਤੋਂ ਹੁਕਮ ਤੋੜਨ ਵਾਲੇ ਬਣਨ ਲਗਦੇ ਹਾਂ।

2. ਯਿਸੂ ਨੇ ਇਹ ਵੀ ਇਸ਼ਾਰਾ ਦਿੱਤਾ ਕਿ ਰੀਤਾਂ ਜਦੋਂ *ਖ਼ੁਦਾ ਦੇ ਵਚਨ ਨਾਲ ਟਕਰਾਉਂਦੀਆਂ ਹਨ* ਤਾਂ ਉਹ ਹੁਕਮ ਤੋੜਨਾ ਬਣ ਜਾਂਦੀਆਂ ਹਨ। ਕੁਝ ਰੀਤਾਂ ਦੇ ਕਾਰਣ ਯਹੂਦੀ ਲੋਕ ਉਹ ਕਰਨ ਲਗ ਪਏ ਸਨ ਜੋ ਖ਼ੁਦਾ ਦੀ ਨਜ਼ਰ ਵਿਚ ਗਲਤ ਸੀ ਕਿਉਂ ਜੋ ਉਹ ਉਸ ਦੇ ਵਚਨ ਦੇ ਉਲਟ ਸਨ। ਉਦਾਹਰਣ ਲਈ, ਜਦੋਂ ਯਹੂਦੀਆਂ ਦੀ ਰੀਤ ਦੇ ਕਾਰਣ ਕਿਸੇ ਨੂੰ ਆਪਣਾ ਧਨ ਖ਼ੁਦਾ ਨੂੰ ਇਸ ਤਰੀਕੇ ਨਾਲ ਦੇਣਾ ਪਵੇ ਕਿ ਉਹ ਆਪਣੇ ਬਜ਼ੁਰਗ ਮਾਪਿਆਂ ਦੀ ਮਦਦ ਨਾ ਕਰ ਸਕਦਾ ਹੋਵੇ ਤਾਂ ਉਹ ਰੀਤ ਖ਼ੁਦਾ ਦੀ ਇੱਛਾ ਨਾਲ ਟਕਰਾ ਰਹੀ ਹੁੰਦੀ ਸੀ। ਮੂਸਾ ਦੀ ਸ਼ਰ੍ਹਾ ਵਿਚ ਹਰ ਯਹੂਦੀ ਨੂੰ ਆਪਣੇ ਪਿਤਾ ਅਤੇ ਆਪਣੀ ਮਾਤਾ ਦਾ ਆਦਰ ਕਰਨ ਦਾ ਹੁਕਮ ਸੀ (ਕੂਚ 20:12); ਅਤੇ ਇਸ ਵਿਚ ਉਨ੍ਹਾਂ ਦੀ ਮੌਤ ਤਕ ਉਨ੍ਹਾਂ ਦੀ ਦੇਖਭਾਲ ਕਰਨਾ ਸ਼ਾਮਿਲ ਸੀ। ਯਿਸੂ ਨੇ ਯਹੂਦੀਆਂ ਨੂੰ ਦੱਸਿਆ, ''ਤੁਸੀਂ ਪਰਮੇਸ਼ੁਰ ਦੇ ਬਚਨ ਨੂੰ ਆਪਣੀ ਰੀਤ ਨਾਲ ਜਿਹੜੀ ਤੁਸਾਂ ਚਲਾਈ ਹੈ ਅਕਾਰਥ ਕਰਦੇ ਹੋ ਅਤੇ ਹੋਰ

ਬਥੇਰੇ ਇਹੋ ਜਿਹੇ ਕੰਮ ਤੁਸੀਂ ਕਰਦੇ ਹੋ'' (7:13)।

ਜੇ ਅਸੀਂ ਲੋਕਾਂ ਨੂੰ ਉਨ੍ਹਾਂ ਦੇ ਸਿਰਾਂ ਤੇ ਪਾਣੀ ਤਰੌਂਕ ਕੇ ਮਸੀਹ ਵਿਚ ਬਪਤਿਸਮਾ ਲੈਣ ਲਈ ਆਖੀਏ, ਤਾਂ ਭਲਾ ਇਹ ਖ਼ੁਦਾ ਨੂੰ ਕਬੂਲ ਹੋਵੇਗਾ? ਨਵੇਂ ਨੇਮ ਵਿਚ ਅਸਲ ਬਪਤਿਸਮਾ ਸਿਰਫ਼ ਇੱਕੋ ਤਰੀਕੇ ਨਾਲ, ਭਾਵ ਪਾਣੀ ਵਿਚ ਡੁਬਕੀ ਦੇ ਰਾਹੀਂ ਹੈ। ਨਵੇਂ ਨੇਮ ਵਿਚ ਕਿਤੇ ਵੀ ਬਪਤਿਸਮੇ ਦੇ ਸਬੰਧ ਵਿਚ ਪਾਣੀ ਛਿੜਕਣ ਦੀ ਗੱਲ ਨਹੀਂ ਹੈ। ਜੇ ਅਸੀਂ ਮਸੀਹ ਵਿਚ ਬਪਤਿਸਮੇ ਦੇ ਰੂਪ ਵਿਚ ਸਿਰ ਤੇ ਪਾਣੀ ਛਿੜਕਣ ਦੀ ਰੀਤ ਸ਼ੁਰੂ ਕਰ ਦਿੱਤੀ ਤਾਂ, ਤਾਂ ਇਹ ਖ਼ੁਦਾ ਦੇ ਵਚਨ ਦੇ ਵਿਰੋਧ ਵਿਚ ਰੀਤ ਨੂੰ ਅਹਿਮੀਅਤ ਦੇਣਾ ਹੋਵੇਗਾ। ਅਜਿਹੀ ਰੀਤ ਸਾਥੋਂ ਖ਼ੁਦਾ ਦੇ ਹੁਕਮਾਂ ਨੂੰ ਤੁੜਵਾਵੇਗੀ ਜੋ ਕਿ ਉਸ ਦੇ ਵਚਨ ਨਾਲ ਟਕਰਾਅ ਹੋਵੇਗਾ।

3. ਯਿਸੂ ਨੇ ਆਖਿਆ ਕਿ ਜਦੋਂ ਰੀਤਾਂ *ਖ਼ੁਦਾ ਦੇ ਵਚਨ ਨੂੰ ਤੁੱਛ ਜਾਣਦੀਆਂ ਜਾਂ ਘੱਟ ਮੰਨਦੀਆਂ ਹਨ*, ਤਾਂ ਰੀਤਾਂ ਹੁਕਮ ਮੰਨਣ ਦੀ ਥਾਂ ਹੁਕਮ ਤੋੜਨਾ ਬਣ ਜਾਂਦੀਆਂ ਹਨ। ਕਈ ਮਾਮਲਿਆਂ ਵਿਚ ਰੱਬੀਆਂ ਦੀਆਂ ਰੀਤਾਂ ਨੂੰ ਸ਼ਰ੍ਹਾ ਨਾਲੋਂ ਵੀ ਵਧ ਕੇ ਮੰਨਿਆ ਜਾਂਦਾ ਸੀ। ਯਸਾਯਾਹ ਦਾ ਹਵਾਲਾ ਦਿੰਦੇ ਹੋਏ ਯਿਸੂ ਨੇ ਆਖਿਆ, ''ਓਹ ਵਿਰਥਾ ਮੇਰੀ ਉਪਾਸਨਾ ਕਰਦੇ ਹਨ, ਓਹ ਮਨੁੱਖਾਂ ਦੇ ਹੁਕਮਾਂ ਦੀ ਸਿੱਖਿਆ ਦਿੰਦੇ ਹਨ'' (7:7)। ਯਹੂਦੀ ਲੋਕ ਬੰਦਗੀ ਕਰਨਾ ਚਾਹ ਰਹੇ ਸਨ, ਪਰ ਉਨ੍ਹਾਂ ਨੇ ''ਮਨੁੱਖਾਂ ਦੇ ਹੁਕਮਾਂ'' ਨੂੰ ਉੱਚਾ ਕਰ ਦਿੱਤਾ ਸੀ ਅਤੇ ਉਨ੍ਹਾਂ ਨੂੰ ਖ਼ੁਦਾ ਦੇ ਵਚਨ ਨਾਲੋਂ ਬਹੁਤਾ ਅਹਿਮ ਬਣਾ ਦਿੱਤਾ ਸੀ।

ਇਕ ਉਦਾਹਰਣ ਦੇ ਤੌਰ ਤੇ, ਸਾਜ਼ ਵਾਲੇ ਸੰਗੀਤ ਤੇ ਵਿਚਾਰ ਕਰਦੇ ਹਾਂ। ਸਾਨੂੰ ਸੰਗੀਤ ਦੀਆਂ ਸਿਰਫ਼ ਤਿੰਨ ਕਿਸਮਾਂ ਦਾ ਪਤਾ ਹੈ। ਗਾਉਣਾ, ਸਾਜ਼ ਵਾਲਾ ਸੰਗੀਤ ਅਤੇ ਸਾਜ਼ਾਂ ਦੇ ਨਾਲ ਗਾਉਣਾ। ਨਵੇਂ ਨੇਮ ਵਿਚ ਮੁੱਢਲੀ ਕਲੀਸੀਆ ਦੀਆਂ ਸਭਾਵਾਂ ਵਿਚ ਵਰਤੇ ਜਾਣ ਵਾਲੇ ਸੰਗੀਤ ਦੇ ਰੂਪ ਵਿਚ ਸਿਰਫ਼ ਗਾਉਣ ਦਾ ਜ਼ਿਕਰ ਹੈ। ਕਲੀਸੀਆ ਦੇ ਇਤਿਹਾਸਕਾਰ ਮੰਨਦੇ ਹਨ ਕਿ ਮੁੱਢਲੀ ਕਲੀਸੀਆ ਬੰਦਗੀਆਂ ਵਿਚ ਸਾਜ਼ ਵਾਲੇ ਸੰਗੀਤ ਦੀ ਵਰਤੋਂ ਨਹੀਂ ਕਰਦੀਆਂ ਸਨ। ਬੰਦਗੀ ਵਿਚ ਸਾਜ਼ ਵਾਲੇ ਸੰਗੀਤ ਦੀ ਕਿਸੇ ਵੀ ਚਰਚਾ ਦੀ ਸ਼ੁਰੂਆਤ ਇਸ ਸਵਾਲ ਨਾਲ ਹੋਣੀ ਜ਼ਰੂਰੀ ਹੈ ਕਿ ''ਭਲਾ ਮੁੱਢਲੀ ਕਲੀਸੀਆ ਇਸ ਦੀ ਵਰਤੋਂ ਕਰਦੀ ਸੀ?''

ਕੀ ਹੋਵੇ ਜੇ ਅਸੀਂ ਆਖੀਏ, ''ਅਸੀਂ ਮੰਨਦੇ ਹਾਂ ਕਿ ਸਾਜ਼ ਵਾਲਾ ਸੰਗੀਤ ਸਿਰਫ਼ ਇਕੱਲੇ ਗਾਉਣ ਨਾਲੋਂ ਸੁਣਨ ਵਿਚ ਚੰਗਾ ਲਗਦਾ ਹੈ। ਸਾਨੂੰ ਲਗਦਾ ਹੈ ਕਿ ਸਾਡੀਆਂ ਬੰਦਗੀਆਂ ਵਿਚ ਇਸ ਦੀ ਵਰਤੋਂ ਕਰਨਾ ਵਧੀਆ ਹੋਵੇਗਾ। ਅਸੀਂ ਉਸ ਨੂੰ ਜੋ ਮੁੱਢਲੀ ਕਲੀਸੀਆ ਪਵਿੱਤਰ ਆਤਮਾ ਦੀ ਅਗਵਾਈ ਨਾਲ ਕਰਦੀ ਸੀ ਕੱਢ ਦਿਆਂਗੇ, ਅਤੇ ਅਸੀਂ ਆਪਣੀਆਂ ਬੰਦਗੀਆਂ ਵਿਚ ਸਾਜ਼ ਵਾਲੇ ਸੰਗੀਤ ਦੀ ਵਰਤੋਂ ਕਰਾਂਗੇ''? ਅਜਿਹਾ ਕਰਨਾ, ਉਸ ਦੀ ਜੋ ਮੁੱਢਲੀ ਕਲੀਸੀਆ ਕਰਦੀ ਸੀ, ਅਤੇ ਜੋ ਪਵਿੱਤਰ ਆਤਮਾ ਨੇ ਉਨ੍ਹਾਂ ਨੂੰ ਕਰਨ ਦੀ ਅਗਵਾਈ ਦਿੱਤੀ, ਹੇਠੀ ਕਰਨਾ ਹੋਵੇਗਾ ਅਤੇ ਇਹ ਸਾਡੀ ਆਪਣੀ ਰੀਤ ਦੇ ਪੱਖ ਵਿਚ ਖ਼ੁਦਾ ਦੇ ਵਚਨ ਨੂੰ ਛੋਟਾ ਕਰ ਦੇਣਾ ਹੋਵੇਗਾ। ਜੇ ਸਾਡੀਆਂ ਰੀਤਾਂ ਖ਼ੁਦਾ ਦੇ ਵਚਨ ਨੂੰ ਘੱਟ ਮੰਨਦੀਆਂ ਹਨ, ਤਾਂ ਉਹ ਗਲਤ ਹਨ। ਉਹ ਸਾਨੂੰ ਹੁਕਮ ਤੋੜਨ ਵੱਲ ਲਿਜਾ ਰਹੀਆਂ ਹਨ।

ਨਿਚੋੜ: 7:6 ਵਿਚ ਯਿਸੂ ਨੇ ਗ੍ਰੰਥੀਆਂ ਅਤੇ ਫ਼ਰੀਸੀਆਂ ਨਾਲ ਆਪਣੀ ਗੱਲਬਾਤ ਵਿਚ ''ਕਪਟੀਆਂ'' ਸ਼ਬਦ ਵਰਤਿਆ। ਉਸ ਨੇ ਇਸ ਸ਼ਬਦ ਦੀ ਵਰਤੋਂ ਕਿਸ ਅਰਥ ਵਿਚ ਕੀਤੀ? ਉਸ ਨੇ ਫ਼ਰੀਸੀਆਂ ਨੂੰ ਬਾਹਰੋਂ ਉਹੋ ਜਿਹੇ ਨਜ਼ਰ ਆਉਣ ਵਾਲੇ ਲੋਕ ਦੱਸਿਆ ਜਿਹੜੇ ਅੰਦਰੋਂ ਬਿਲਕੁਲ ਫ਼ਰਕ ਸਨ। ਦਿਲੋਂ ਉਹ ਖੁਦਾ ਦੇ ਵਚਨ ਨੂੰ ਨਹੀਂ ਬਲਕਿ ਆਪਣੀਆਂ ਰੀਤਾਂ ਨੂੰ ਮੰਨ ਰਹੇ ਸਨ। ਬਾਹਰੋਂ ਉਹ ਆਪਣੇ ਆਪ ਨੂੰ ਮਜ਼ਬੂਤ, ਵਫ਼ਾਦਾਰੀ ਨਾਲ ਖ਼ੁਦਾ ਦੇ ਮਗਰ ਚੱਲਣ ਵਾਲੇ ਵਿਖਾਉਂਦੇ ਸਨ। ਯਿਸੂ ਨੇ ਆਖਿਆ, ''ਤੁਸਾਂ ਕਪਟੀਆਂ ਦੇ ਵਿਖੇ ਯਸਾਯਾਹ ਨੇ ਠੀਕ ਅਗੰਮ ਵਾਕ ਕੀਤਾ ਜਿੱਦਾਂ ਲਿਖਿਆ ਹੈ ਕਿ ਏਹ ਲੋਕ ਆਪਣੇ ਬੁੱਲ੍ਹਾਂ ਨਾਲ ਮੇਰਾ ਆਦਰ ਕਰਦੇ ਹਨ, ਪਰ ਇਨ੍ਹਾਂ ਦਾ ਦਿਲ ਮੈਥੋਂ ਦੂਰ ਹੈ'' (7:6)। ਸਾਡੇ ਚਾਰੇ ਪਾਸੇ ਧਰਮ ਦੀਆਂ ਕਈ ਫ਼ਾਹੀਆਂ ਹੋ ਸਕਦੀਆਂ ਹਨ, ਪਰ ਜੇ

ਸਾਡੇ ਮਨ ਸਚਮੁਚ ਵਿਚ ਖ਼ੁਦਾ ਦਾ ਹੁਕਮ ਮੰਨਣ ਲਈ ਸਮਰਪਿਤ ਨਹੀਂ ਹਨ ਤਾਂ ਉਹ ਸਾਡੇ ਉੱਤੇ ਦਾਅਵਾ ਨਹੀਂ ਕਰ ਸਕਦਾ।

ਖ਼ੁਦਾ ਦੇ ਵਚਨ ਨੂੰ ਪ੍ਰਭਾਵਹੀਣ ਕਰਨਾ (7:9-13)

ਯਿਸੂ ਦੇ ਚੇਲਿਆਂ ਉੱਤੇ ਰਸਮੀ ਤੌਰ ਤੇ ਹੱਥ ਧੋਤੇ ਬਗੈਰ ਖਾਣ ਦਾ ਇਲਜ਼ਾਮ ਲਗ ਰਿਹਾ ਸੀ। ਸੰਖੇਪ ਵਿਚ, ਗ੍ਰੰਥੀ ਅਤੇ ਫ਼ਰੀਸੀ ਆਖ ਰਹੇ ਸਨ, ''ਤੇਰੇ ਚੇਲੇ ਵੱਡਿਆਂ ਦੀ ਰੀਤ ਨੂੰ ਨਹੀਂ ਮੰਨਦੇ, ਅਤੇ ਇਹ ਤੇਰਾ ਕਸੂਰ ਹੈ ਕਿਉਂ ਜੋ ਉਹ ਤੇਰੇ ਚੇਲੇ ਹਨ'' (ਵੇਖੋ 7:5)।

ਯਿਸੂ ਨੇ ਇਸ ਸਵਾਲ ਦੀ ਗੱਲ ਨਹੀਂ ਕੀਤੀ ਕਿ ਉਹਦੇ ਚੇਲੇ ਯਹੂਦੀ ਰੀਤਾਂ ਨੂੰ ਤੋੜ ਰਹੇ ਸਨ ਜਾਂ ਨਹੀਂ। ਉਸ ਨੇ ਫ਼ਰੀਸੀਆਂ ਦੇ ਆਪਣੇ ਹੁਕਮ ਤੋੜਨ ਦਾ ਸਾਹਮਣਾ ਕਰਦੇ ਹੋਏ ਆਪਣੇ ਚੇਲਿਆਂ ਅਤੇ ਰੀਤਾਂ ਦੀ ਗੱਲ ਅਸਿੱਧੇ ਤੌਰ ਤੇ ਕਰਨੀ ਸੀ। ਚਰਚਾ ਨੂੰ ਉਹ ਇਕ ਵੱਖਰੇ ਪੱਧਰ ਤੇ ਲੈ ਗਿਆ।

ਜੋ ਕੁਝ ਫ਼ਰੀਸੀ ਖ਼ੁਦਾ ਦੇ ਵਚਨ ਨਾਲ ਕਰ ਰਹੇ ਸਨ, ਉਸ ਉੱਤੇ ਨਿਸ਼ਾਨਾ ਲਾਉਂਦਿਆਂ, ਇਕ ਅਰਥ ਵਿਚ ਉਸ ਨੇ ਆਖਿਆ, ''ਤੁਹਾਡੀ ਫ਼ਰੀਸੀਆਂ ਦੀ ਅਤੇ ਇਹ ਗੱਲ ਕਰ ਲੈਂਦੇ ਹਾਂ ਕਿ ਤੁਸੀਂ ਖ਼ੁਦਾ ਦੇ ਹੁਕਮਾਂ ਨੂੰ ਤੋੜ ਕੇ ਕਿਵੇਂ ਉਨ੍ਹਾਂ ਨੂੰ ਅਪਮਾਨਿਤ ਕਰ ਰਹੇ ਹੋ।'' ਵੱਡਿਆਂ ਦੀਆਂ ਰੀਤਾਂ ਨੂੰ ਸੁਝਾਵਾਂ ਦੇ ਰੂਪ ਵਿਚ ਵੇਖਿਆ ਜਾਣਾ ਚਾਹੀਦਾ ਸੀ ਕਿ ਖ਼ੁਦਾ ਦੇ ਵਚਨ ਦਾ ਹੁਕਮ ਕਿਵੇਂ ਮੰਨਿਆ ਜਾਵੇ, ਪਰ ਇਹ ਰੀਤਾਂ ਐਨੀਆਂ ਹਾਵੀ ਹੋ ਗਈਆਂ ਸਨ ਕਿ ਉਨ੍ਹਾਂ ਨੇ ਖ਼ੁਦਾ ਦੇ ਹੁਕਮਾਂ ਦੀ ਥਾਂ ਲੈ ਲਈ ਸੀ। ਇਸ ਚਰਚਾ ਵਿੱਚੋਂ ਨਿੱਕਲਿਆ ਮੁੱਖ ਵਿਚਾਰ ਖ਼ੁਦਾ ਦੇ ਹੁਕਮਾਂ ਨੂੰ ਮੰਨਣ ਦਾ ਸੀ। ਭਲਾ ਫ਼ਰੀਸੀਆਂ ਨੇ ਰੀਤਾਂ ਨੂੰ ਪਹਿਲ ਦਿੱਤੀ ਸੀ ਜਾਂ ਉਨ੍ਹਾਂ ਨੇ ਉਨ੍ਹਾਂ ਨੂੰ ਖ਼ੁਦਾ ਦੇ ਵਚਨ ਦੇ ਬਰਾਬਰ ਬਣਾ ਦਿੱਤਾ ਸੀ? ਇਸ ਸਵਾਲ ਦਾ ਜਵਾਬ ਸਭ ਤੋਂ ਅਹਿਮ ਸੀ।

1. ਯਿਸੂ ਨੇ ਉਸ ਦੀ ਜੋ ਫ਼ਰੀਸੀ ਕਰ ਰਹੇ ਸਨ *ਸਪੱਸ਼ਟ ਵਿਆਖਿਆ* ਦੇ ਕੇ ਜਵਾਬ ਦਿੱਤਾ। ਉਸ ਨੇ ਉਨ੍ਹਾਂ ਲਈ ਯਸਾਯਾਹ ਦੀ ਨਬੂਵਤ ਲਾਗੂ ਕੀਤੀ: ''ਇਹ ਲੋਕ ਆਪਣੇ ਬੁੱਲ੍ਹਾਂ ਨਾਲ ਮੇਰਾ ਆਦਰ ਕਰਦੇ ਹਨ ਪਰ ਇਨ੍ਹਾਂ ਦਾ ਦਿਲ ਮੈਥੋਂ ਦੂਰ ਹੈ'' (ਵੇਖੋ 7:6; ਯਸਾਯਾਹ 29:13)। ਉਸ ਨੇ ਆਖਿਆ, ''ਤੁਸੀਂ ਪਰਮੇਸ਼ੁਰ ਦੇ ਹੁਕਮ ਨੂੰ ਛੱਡ ਕੇ ਮਨੁੱਖਾਂ ਦੀ ਰੀਤ ਨੂੰ ਮੰਨ ਲੈਂਦੇ ਹੋ'' (ਵੇਖੋ 7:8)। ਯਿਸੂ ਉਨ੍ਹਾਂ ਨੂੰ ਸਮਝਾ ਰਿਹਾ ਸੀ ਕਿ ਉਹ ਆਪਣੀਆਂ ਰੀਤਾਂ ਨੂੰ ਇਸ ਹੱਦ ਤਕ ਮਜ਼ਬੂਤੀ ਨਾਲ ਮੰਨ ਰਹੇ ਸਨ ਕਿ ਉਨ੍ਹਾਂ ਨੇ ਅਸਲ ਵਿਚ ਖ਼ੁਦਾ ਦੇ ਵਚਨ ਨੂੰ ਛੱਡ ਦਿੱਤਾ ਸੀ। ਉਸ ਦੇ ਨਿਚੋੜ ਨਾਲ ਦਿਲ ਦਹਿਲਾ ਦੇਣ ਵਾਲਾ ਇਲਜ਼ਾਮ ਲਾਇਆ ਗਿਆ: ''ਤੁਸੀਂ ਪਰਮੇਸ਼ੁਰ ਦੇ ਹੁਕਮ ਨੂੰ ਚੰਗੀ ਤਰ੍ਹਾਂ ਟਾਲ ਦਿੰਦੇ ਹੋ ਤਾਂ ਜੋ ਆਪਣੀ ਰੀਤ ਨੂੰ ਕਾਇਮ ਰੱਖੋ'' (7:9)। ਉਹ ਖ਼ੁਦਾ ਦੇ ਵਚਨ ਦੇ ਮਹੱਤਵ ਨੂੰ ਘੱਟ ਕਰਨ ਦੇ ਤਰੀਕੇ ਈਜਾਦ ਕਰਨ ਵਾਲੇ ਕਲਾਕਾਰ ਬਣ ਗਏ ਸਨ ਜਿਸ ਨਾਲ ਉਹ ਆਪਣੀਆਂ ਰੀਤਾਂ ਨੂੰ ਵਧਾਵਾ ਦੇ ਸਕਣ।

2. ਆਪਣੀ ਵਿਆਖਿਆ ਤੋਂ ਬਾਅਦ ਯਿਸੂ ਨੇ ਜੋ ਕੁਝ ਉਹ ਕਿਹਾ ਸੀ, ਉਸ ਨੂੰ ਸਮਝਾਉਣ ਲਈ *ਇਕ ਠੋਸ ਉਦਾਹਰਣ* ਦਿੱਤੀ। ਇਕ ਅਰਥ ਵਿਚ ਉਸ ਨੇ ਆਖਿਆ, ''ਮੂਸਾ ਦੀ ਸ਼ਰ੍ਹਾ ਦੇ ਦੋ ਹੁਕਮਾਂ ਨੂੰ ਵੇਖੋ।'' ਪਹਿਲਾ ਹੁਕਮ ਜਿਸਦੀ ਉਸ ਨੇ ਗੱਲ ਕੀਤੀ ਉਹ ਦਸਾਂ ਹੁਕਮਾਂ ਵਿੱਚੋਂ ਪੰਜਵਾਂ ਹੁਕਮ ਸੀ ਕਿ ''ਤੂੰ ਆਪਣੇ ਪਿਤਾ ਅਤੇ ਆਪਣੀ ਮਾਤਾ ਦਾ ਆਦਰ ਕਰ'' (ਕੂਚ 20:12)। ਦੂਜਾ ਜ਼ਿਕਰ ਪੰਜਵੇਂ ਹੁਕਮ ਨਾਲ ਸਬੰਧਿਤ ਇਕ ਨਕਾਰਾਤਮਕ ਨਿਯਮ ਦਾ ਸੀ: ''ਜਿਹੜਾ ਪਿਤਾ ਜਾਂ ਮਾਤਾ ਨੂੰ ਮੰਦਾ ਬੋਲੇ ਉਹ ਜਾਨੋਂ ਮਾਰਿਆ ਜਾਵੇ।'' ਫ਼ਰੀਸੀਆਂ ਨੂੰ ਪਤਾ ਸੀ ਕਿ ਇਹ ਹੁਕਮ ਖ਼ੁਦਾ ਦਾ ਵਚਨ ਹਨ, ਪਰ ਉਨ੍ਹਾਂ ਨੇ ਇਨ੍ਹਾਂ ਨਾਲ ਕੀ ਕੀਤਾ ਸੀ? ਬੁਨਿਆਦੀ ਤੌਰ ਤੇ ਯਿਸੂ ਨੇ ਆਖਿਆ, ''ਮੈਂ ਤੁਹਾਨੂੰ ਦੱਸਦਾ ਹਾਂ ਕਿ ਤੁਸਾਂ ਉਨ੍ਹਾਂ ਨਾਲ ਕੀ ਕੀਤਾ ਹੈ। ਤੁਸਾਂ ਉਨ੍ਹਾਂ ਨੂੰ ਪ੍ਰਭਾਵਹੀਨ ਕਰ ਦਿੱਤਾ ਹੈ। ਤੁਸਾਂ ਉਨ੍ਹਾਂ ਨੂੰ ਬੇਅਸਰ ਕਰ ਦਿੱਤਾ ਹੈ।''

ਇੱਥੇ ਯਿਸੂ, ਉਨ੍ਹਾਂ ਦੇ ਸਾਹਮਣੇ ਦੋ ਹੁਕਮਾਂ ਦੇ ਆਪਣੇ ਜਵਾਬ ਨੂੰ ਫੜ੍ਹ ਕੇ ਖ਼ੁਦਾ ਦੇ ਵਚਨ ਦੀ ਉਨ੍ਹਾਂ ਵੱਲੋਂ ਕੀਤੀ ਜਾਣ ਵਾਲੀ ਦੁਰਵਰਤੋਂ ਦੇ ਸਬੰਧ ਵਿਚ ਹੋਰ ਸਾਫ਼ ਦੱਸਣ ਲੱਗਾ। ਉਸ ਨੇ ਆਖਿਆ, ''ਪਰ ਤੁਸੀਂ ਆਖਦੇ ਹੋ, ਜੇ ਕੋਈ ਮਨੁੱਖ ਪਿਤਾ ਯਾ ਮਾਤਾ ਨੂੰ ਕਹੇ ਭਈ ਜੋ ਕੁਝ ਮੇਰੇ ਕੋਲੋਂ ਤੈਨੂੰ ਲਾਭ ਹੋ ਸੱਕਦਾ ਸੀ ਸੋ ਕੁਰਬਾਨ ਅਰਥਾਤ ਭੇਟ ਚੜ੍ਹਾ ਦਿੱਤਾ ਹੈ)' '' (7:11), ਤਾਂ ਉਹ ਆਪਣੇ ਬੁੱਢੇ ਪਿਤਾ ਜਾਂ ਆਪਣੀ ਮਾਤਾ ਦੀ ਮਦਦ ਕਰਨ ਦੀ ਆਪਣੀ ਜ਼ਿੰਮੇਵਾਰੀ ਤੋਂ ਛੁੱਟ ਗਿਆ। ਉਹ ਉਨ੍ਹਾਂ ਦੀ ਕੋਈ ਮਦਦ ਨਹੀਂ ਕਰਦਾ ਕਿਉਂ ਜੋ ਉਸ ਦਾ ਦਾਅਵਾ ਇਹ ਹੁੰਦਾ ਹੈ ਕਿ ਉਹਨੇ ਆਪਣੀ ਸਾਰੀ ਜਾਇਦਾਦ ਖ਼ੁਦਾ ਨੂੰ ਸੌਂਪ ਦਿੱਤੀ ਹੈ।'' ਯਿਸੂ ਨੇ ਇਸ ਉਦਾਹਰਣ ਦੀ ਵਰਤੋਂ ਕਰਦਿਆਂ ਬਹੁਤ ਵੱਡਾ ਇਲਜ਼ਾਮ ਲਾਉਂਦੇ ਹੋਏ ਫ਼ਰੀਸੀਆਂ ਨੂੰ ਝਾੜ ਪਾਈ। ਉਸ ਨੇ ਆਖਿਆ ਕਿ ਇਹ ਧਾਰਮਿਕ ਆਗੂ ''ਪਰਮੇਸ਼ੁਰ ਦੇ ਬਚਨ ਨੂੰ ਆਪਣੀ ਰੀਤ ਨਾਲ ਜਿਹੜੀ ਉਨ੍ਹਾਂ ਚਲਾਈ ਸੀ ਅਕਾਰਥ ਕਰਦੇ'' ਸਨ (7:13)। ਇੰਨਾ ਹੀ ਨਹੀਂ, ਉਸ ਨੇ ਅੱਗੇ ਆਖਿਆ ਕਿ ''ਹੋਰ ਬਥੇਰੇ ਇਹੋ ਜਿਹੇ ਕੰਮ ਤੁਸੀਂ ਕਰਦੇ ਹੋ'' (7:13)।

''ਅਕਾਰਥ ਕਰਨਾ'' ਦਾ ਮਤਲਬ ''ਬੇਅਸਰ ਕਰਨਾ'' ਜਾਂ ''ਪ੍ਰਭਾਵਹੀਨ ਕਰਨਾ'' ਹੈ। ਦੂਜੇ ਸ਼ਬਦਾਂ ਵਿਚ ਯਿਸੂ ਨੇ ਫ਼ਰੀਸੀਆਂ ਨੂੰ ਇਹ ਸਮਝਾਉਣ ਲਈ ਕਿ ਉਨ੍ਹਾਂ ਦੀਆਂ ਰੀਤਾਂ, ਉਨ੍ਹਾਂ ਦੀਆਂ ਸਿੱਖਿਆਵਾਂ ਅਤੇ ਉਨ੍ਹਾਂ ਦੀਆਂ ਜ਼ਿੰਦਗੀਆਂ ਖ਼ੁਦਾ ਦੇ ਵਚਨ ਨੂੰ ਬੇਅਸਰ ਕਰ ਰਹੀਆਂ ਜਾਂ ਪ੍ਰਭਾਵਹੀਨ ਕਰ ਰਹੀਆਂ ਸਨ। ਉਹ ਖ਼ੁਦਾ ਦੇ ਵਚਨ ਨੂੰ ਬੇਕਾਰ ਬਣਾ ਰਹੇ ਸਨ। ਉਨ੍ਹਾਂ ਨੇ ਚਤੁਰਾਈ ਨਾਲ ਲੋਕਾਂ ਦੇ ਮਨਾਂ ਵਿੱਚੋਂ ਬਾਈਬਲ ਦੀ ਸਮਰੱਥਾ ਅਤੇ ਪ੍ਰਭਾਵ ਨੂੰ ਕੱਢ ਦਿੱਤਾ ਸੀ। ਮੰਨਣ ਲਈ ਅਗਵਾਈ ਦੇਣ ਦੀ ਥਾਂ ਉਨ੍ਹਾਂ ਨੇ ਸਹੂਲਤ ਦੇ ਮੁਤਾਬਿਕ ਲੋਕਾਂ ਦੀਆਂ ਜ਼ਿੰਦਗੀਆਂ ਵਿੱਚੋਂ ਇਨ੍ਹਾਂ ਹੁਕਮਾਂ ਨੂੰ ਕੱਢ ਕੇ ਉਨ੍ਹਾਂ ਦੀ ਥਾਂ ਆਪਣੀਆਂ ਰੀਤਾਂ ਦੇ ਦਿੱਤੀਆਂ ਸਨ।

''ਕੁਰਬਾਨ'' ਕੀ ਸੀ? ਇਸ ਨੂੰ ਖ਼ੁਦਾ ਨੂੰ ਅਰਪਿਆ ਗਿਆ ਦਾਨ ਮੰਨਿਆ ਜਾਂਦਾ ਸੀ। ਯਹੂਦੀ ਰੀਤ ਵਿਚ ਬੁਨਿਆਦੀ ਤੌਰ ਤੇ ਕਿਹਾ ਜਾਂਦਾ ਸੀ, ''ਜਿਸ ਵੀ ਕਿਸੇ ਨੇ ਆਪਣੀ ਜਾਇਦਾਦ ਖ਼ੁਦਾ ਨੂੰ ਦੇ ਦਿੱਤੀ, ਤਾਂ ਆਪਣੇ ਪਿਤਾ ਅਤੇ ਆਪਣੀ ਮਾਤਾ ਦੀ ਉਨ੍ਹਾਂ ਦੇ ਬੁਢਾਪੇ ਵਿਚ ਉਨ੍ਹਾਂ ਦੀ ਮਾਲੀ ਮਦਦ ਕਰਨ ਦੀ ਉਹਦੀ ਜ਼ਿੰਮੇਵਾਰੀ ਖ਼ਤਮ ਹੋ ਗਈ।'' ਅਜਿਹੀ ਰੀਤ ਲੋਕਾਂ ਦੇ ਮਨਾਂ ਤੇ ਮੰਨੇ ਜਾਣ ਵਾਲੇ ਹੁਕਮ ਦੇ ਰੂਪ ਵਿਚ ਨਹੀਂ ਬਲਕਿ ਪ੍ਰਭਾਵਸ਼ਾਲੀ ਢੰਗ ਨਾਲ ਲੋਕਾਂ ਦੇ ਮਨਾਂ ਵਿੱਚੋਂ ਉਸ ਨੂੰ ਕੱਢ ਲੈਂਦੀ ਸੀ ਜੋ ਖ਼ੁਦਾ ਦੀ ਸੇਵਾ ਵਿਚ ਕਰਨਾ ਜ਼ਰੂਰੀ ਸੀ।

3. ਜੋ ਕੁਝ ਯਿਸੂ ਨੇ ਇਨ੍ਹਾਂ ਫ਼ਰੀਸੀਆਂ ਨੂੰ ਕਿਹਾ ਭਲਾ ਸਾਨੂੰ ਉਸ ਦੀ *ਢੁਕਵੀਂ ਪ੍ਰਾਸੰਗਿਕਤਾ* ਨਹੀਂ ਬਨਾਉਣੀ ਚਾਹੀਦੀ? ਅਸਲ ਵਿਚ ਬਨਾਉਣੀ ਜ਼ਰੂਰੀ ਹੈ। ਓਸੇ ਜਾਲ ਵਿਚ ਫਸਣਾ ਜਿਸ ਵਿਚ ਯਹੂਦੀ ਆਗੂ ਫਸੇ ਸਨ, ਸਾਡੇ ਲਈ ਕਿੰਨੀ ਮਾੜੀ ਗੱਲ ਹੋਵੇਗੀ!

ਅੱਜ ਧਾਰਮਿਕ ਫ਼ਿਰਕਿਆਂ ਵਿਚ ਆਪਣੇ ਮੰਨਣ ਵਾਲਿਆਂ ਲਈ ਇਕ ਵੱਖਰੀ ਯਾਜਕਾਈ ਕਾਇਮ ਕਰਨਾ ਆਮ ਗੱਲ ਹੈ। ਅਜਿਹੀ ਯਾਜਕਾਈ ਨੂੰ ਲੋਕਾਂ ਨਾਲ ਪ੍ਰਭੂ ਤਕ ਇਕ ਪੁਲ ਅਤੇ ਵਿਚੋਲੇ ਦਾ ਕੰਮ ਕਰਨ ਵਾਲਾ ਮੰਨਿਆ ਜਾਂਦਾ ਹੈ। ਇਸ ਕਰਕੇ ਖ਼ੁਦਾ ਤਕ ਪਹੁੰਚਣ ਦੇ ਚਾਹਵਾਨ ਕਿਸੇ ਵੀ ਵਿਅਕਤੀ ਲਈ ਮਨੁੱਖਾਂ ਵੱਲੋਂ ਬਣਾਈ ਗਈ ਉਹਦੀ ਇਸ ਯਾਜਕਾਈ ਦੇ ਵਿੱਚੋਂ ਦੀ ਲੰਘਣਾ ਜ਼ਰੂਰੀ ਹੁੰਦਾ ਹੈ। ਇਹ ਸਾਫ਼ ਹੈ ਕਿ ਆਪਣੀ ਬਾਈਬਲ ਵਿਚ ਪ੍ਰਭੂ ਨੇ ਇਹ ਯੋਜਨਾ ਨਹੀਂ ਦਿੱਤੀ। ਪਤਰਸ ਨੇ ਉਨ੍ਹਾਂ ਮਸੀਹੀ ਲੋਕਾਂ ਨੂੰ ਆਖਿਆ ਜਿਨ੍ਹਾਂ ਦੇ ਨਾਂਅ ਉਸ ਨੇ ਲਿਖਿਆ, ''ਤੁਸੀਂ ਆਪ ਵੀ ਜੀਉਂਦੇ ਪੱਥਰਾਂ ਦੀ ਨਿਆਈਂ ਹੋ ਕੇ ਆਤਮਕ ਘਰ ਉੱਸਰਦੇ ਜਾਓ ਭਈ ਜਾਜਕਾਂ ਦੀ ਪਵਿੱਤਰ ਮੰਡਲੀ ਬਣੋ ਤਾਂ ਜੋ ਤੁਸੀਂ ਓਹ ਆਤਮਕ ਬਲੀਦਾਨ ਚੜ੍ਹਾਓ ਜਿਹੜੇ ਯਿਸੂ ਮਸੀਹ ਦੇ ਰਾਹੀਂ ਪਰਮੇਸ਼ੁਰ ਨੂੰ ਭਾਉਂਦੇ ਹਨ'' (1 ਪਤਰਸ 2:5)। ਪਤਰਸ ਨੇ ਕਿਹਾ ਕਿ ਮਸੀਹੀ ਯੁੱਗ ਵਿਚ ਖ਼ੁਦਾ ਵੱਲੋਂ ਠਹਿਰਾਈ ਕਲੀਸੀਆ ਦੀ ਯਾਜਕਾਈ ਇਹ ਮਸੀਹੀ ਲੋਕ ਹਨ। ਹਰ ਮਸੀਹੀ ਯਾਜਕ ਹੈ। ਇਸ ਕਰਕੇ ਅਲਹਿਦਾ ਤੌਰ ਤੇ ਕੋਈ ਯਾਜਕਾਈ ਬਨਾਉਣਾ ਉਸ ਯਾਜਕਾਈ ਨੂੰ ਪ੍ਰਭਾਵਹੀਨ ਕਰ ਦੇਣਾ ਹੋਵੇਗਾ ਜਿਸਨੂੰ ਪ੍ਰਭੂ ਨੇ ਚੁਣਿਆ

ਹੈ, ਜਿਸ ਨਾਲ ਇਹ ਬੇਅਸਰ ਜਾਂ ਬੇਕਾਰ ਹੋ ਜਾਏ। ਨਵੇਂ ਨੇਮ ਦੀ ਕਲੀਸੀਆ ਵਿਚ ਹਰ ਮਸੀਹੀ ਖ਼ੁਦਾ ਦੇ ਯਾਜਕ ਦੇ ਤੌਰ ਤੇ ਰਹਿੰਦਾ ਹੈ। ਕੋਈ ਵੀ ਰੀਤ ਜਿਹੜੀ ਇਸ ਡਿਜ਼ਾਈਨ ਨੂੰ ਬਦਲਦੀ ਹੈ, ਉਹ ਖ਼ੁਦਾ ਦੇ ਵਚਨ ਨੂੰ ਪ੍ਰਭਾਵਹੀਨ ਕਰ ਦਿੰਦੀ ਜਾਂ ਵਿਗਾੜ ਦਿੰਦੀ ਹੈ।

ਨਿਚੋੜ: ਯਿਸੂ ਸਾਨੂੰ ਬਚਾਉਣ ਲਈ ਆਇਆ, ਨਾ ਕਿ ਦੋਸ਼ੀ ਠਹਿਰਾਉਣ ਲਈ। ਉਸ ਨੇ ਆਖਿਆ, ''ਪਰਮੇਸ਼ੁਰ ਨੇ ਪੁੱਤਰ ਨੂੰ ਜਗਤ ਵਿਚ ਇਸ ਲਈ ਨਹੀਂ ਘੱਲਿਆ ਜੋ ਉਹ ਜਗਤ ਨੂੰ ਦੋਸ਼ੀ ਠਹਿਰਾਵੇ ਸਗੋਂ ਇਸ ਲਈ ਜੋ ਜਗਤ ਉਹਦੇ ਰਾਹੀਂ ਬਚਾਇਆ ਜਾਵੇ'' (ਯੂਹੰਨਾ 3:17)। ਆਪਣੀਆਂ ਗੱਲਾਂ ਨਾਲ ਯਿਸੂ ਨੇ ਸਾਫ਼ ਕਰ ਦਿੱਤਾ ਕਿ ਸਾਡੇ ਲਈ ਮੁਕਤੀ ਨੂੰ ਕਮਾ ਸਕਣਾ ਨਾਮੁਮਕਿਨ ਹੈ। ਮੁਕਤੀ ਸਿਰਫ਼ ਖ਼ੁਦਾ ਦੀ ਕਿਰਪਾ ਅਤੇ ਨਿਹਚਾ ਨਾਲ ਹੀ ਮਿਲਦੀ ਹੈ।

ਯਾਦ ਰੱਖੋ ਕਿ ਅਸਲ ਨਿਹਚਾ ਵਿਚ ਧਾਰਮਿਕਤਾ ਦੇ ਕੰਮ ਸ਼ਾਮਿਲ ਹਨ। ਕਿਉਂ ਜੋ ਇਹ ਖ਼ੁਦਾ ਦੀ ਇੱਛਾ ਨੂੰ ਮੰਨ ਲੈਂਦੀ ਹੈ। ਨਿਹਚਾ ਖ਼ੁਦਾ ਦੇ ਵਚਨ *ਤੋਂ ਭੱਜਦੀ* ਨਹੀਂ ਬਲਕਿ ਇਸ *ਵੱਲ ਭੱਜਦੀ* ਹੈ। ਅਸਲ ਮਸੀਹੀ ਉਹ ਕਰਨ ਦੀ ਤਲਾਸ਼ ਵਿਚ ਰਹਿੰਦਾ ਹੈ ਜੋ ਖ਼ੁਦਾ ਆਪਣੇ ਵਚਨ ਵਿਚ ਉਸ ਨੂੰ ਕਰਨ ਲਈ ਆਖਦਾ ਹੈ; ਪਰ ਉਹ ਉਸ ਨੂੰ ਬਚਾਉਣ ਲਈ ਯਿਸੂ ਦੀ ਮੌਤ ਨਾਲ ਵਿਖਾਈ ਗਈ ਖ਼ੁਦਾ ਦੀ ਕਿਰਪਾ ਉੱਤੇ ਨਿਰਭਰ ਰਹਿੰਦਾ ਹੈ। ਉਹ ਜਾਣਦਾ ਹੈ ਕਿ ਉਹ ਸਿੱਧ ਨਹੀਂ ਹੈ ਅਤੇ ਜੀਉਂਦੇ ਜੀ ਕਦੇ ਸਿੱਧ ਨਹੀਂ ਹੋਵੇਗਾ, ਪਰ ਉਹ ਇਹ ਵੀ ਜਾਣਦਾ ਹੈ ਕਿ ਖ਼ੁਦਾ ਦੀ ਕਿਰਪਾ ਅਤੇ ਆਗਿਆਕਾਰ ਨਿਹਚਾ ਨਾਲ ਉਹ ਬਚਾਇਆ ਜਾ ਸਕਦਾ ਹੈ।

ਮਸੀਹੀ ਵਿਅਕਤੀ ਦੀ ਜ਼ਿੰਦਗੀ ਦੀ ਰੂਪਰੇਖਾ ਬਾਈਬਲ ਦੇ ਇਨ੍ਹਾਂ ਚਾਰ ਹਵਾਲਿਆਂ ਨਾਲ ਦਿੱਤੀ ਜਾ ਸਕਦੀ ਹੈ।

> ਸੋ ਜਦੋਂ ਅਸੀਂ ਨਿਹਚਾ ਨਾਲ ਧਰਮੀ ਠਹਿਰਾਏ ਗਏ ਤਾਂ ਅਸੀਂ ਆਪਣੇ ਪ੍ਰਭੂ ਯਿਸੂ ਮਸੀਹ ਦੇ ਰਾਹੀਂ ਪਰਮੇਸ਼ੁਰ ਵੱਲ ਸ਼ਾਂਤੀ ਰੱਖੀਏ। ਜਿਹ ਦੇ ਰਾਹੀਂ ਵੀ ਅਸੀਂ ਨਿਹਚਾ ਨਾਲ ਓਸ ਕਿਰਪਾ ਵਿਚ ਅੱਪੜੇ ਜਿਹ ਦੇ ਉੱਤੇ ਖਲੋਤੇ ਹਾਂ, ਅਤੇ ਪਰਮੇਸ਼ੁਰ ਦੇ ਪਰਤਾਪ ਦੀ ਆਸ ਉੱਤੇ ਅਭਮਾਨ ਕਰੀਏ (ਰੋਮੀਆਂ 5:1, 2)।

> ਅਥਵਾ ਤੁਸੀਂ ਇਸ ਗੱਲ ਤੋਂ ਅਣਜਾਣ ਹੋ ਭਈ ਸਾਡੇ ਵਿੱਚੋਂ ਜਿਨ੍ਹਾਂ ਨੇ ਮਸੀਹ ਯਿਸੂ ਦਾ ਬਪਤਿਸਮਾ ਲਿਆ ਉਨ੍ਹਾਂ ਨੇ ਉਹਦੀ ਮੌਤ ਦਾ ਬਪਤਿਸਮਾ ਲਿਆ? ਸੋ ਅਸੀਂ ਮੌਤ ਦਾ ਬਪਤਿਸਮਾ ਲੈਣ ਕਰਕੇ ਉਹਦੇ ਨਾਲ ਦਫ਼ਨਾਏ ਗਏ ਤਾਂ ਜੋ ਜਿਵੇਂ ਪਿਤਾ ਦੀ ਵਡਿਆਈ ਦੇ ਵਸੀਲੇ ਨਾਲ ਮਸੀਹ ਮੁਰਦਿਆਂ ਵਿੱਚੋਂ ਜਿਵਾਲਿਆ ਗਿਆ ਤਿਵੇਂ ਅਸੀਂ ਵੀ ਨਵੇਂ ਜੀਵਨ ਦੇ ਰਾਹ ਚੱਲੀਏ (ਰੋਮੀਆਂ 6:3, 4)।

> ਸੋ ਜੇ ਕੋਈ ਮਸੀਹ ਵਿਚ ਹੈ ਤਾਂ ਉਹ ਨਵੀਂ ਸਰਿਸ਼ਟ ਹੈ। ਪੁਰਾਣੀਆਂ ਗੱਲਾਂ ਬੀਤ ਗਈਆਂ, ਵੇਖੋ, ਓਹ ਨਵੀਆਂ ਹੋ ਗਈਆਂ ਹਨ (2 ਕੁਰਿੰਥੀਆਂ 5:17)।

> ਜੇ ਅਸੀਂ ਆਖੀਏ ਭਈ ਸਾਡੀ ਉਹਦੇ ਨਾਲ ਸੰਗਤ ਹੈ ਅਤੇ ਚੱਲੀਏ ਅਨ੍ਹੇਰੇ ਵਿਚ ਤਾਂ ਅਸੀਂ ਝੂਠ ਮਾਰਦੇ ਹਾਂ ਅਤੇ ਸਤ ਉੱਤੇ ਨਹੀਂ ਚੱਲਦੇ। ਪਰ ਜੇ ਅਸੀਂ ਚਾਨਣ ਵਿਚ ਚੱਲੀਏ ਜਿਵੇਂ ਉਹ ਚਾਨਣ ਵਿਚ ਹੈ ਤਾਂ ਸਾਡੀ ਆਪੋ ਵਿਚ ਸੰਗਤ ਹੈ ਅਤੇ ਉਹਦੇ ਪੁੱਤਰ ਯਿਸੂ ਦਾ ਲਹੂ ਸਾਨੂੰ ਸਾਰੇ ਪਾਪ ਤੋਂ ਸ਼ੁੱਧ ਕਰਦਾ ਹੈ (1 ਯੂਹੰਨਾ 1:6, 7)।

ਇਹ ਚਾਰੇ ਹਵਾਲੇ ਕਿਰਪਾ, ਨਿਹਚਾ, ਹੁਕਮ ਮੰਨਣ ਅਤੇ ਚਾਨਣ ਵਿਚ ਚੱਲਣ ਦੇ ਚਾਰ ਵੱਡੇ ਵਿਸ਼ਿਆਂ ਨੂੰ ਵਿਖਾਉਂਦੇ ਹਨ। ਵਿਖਾਈ ਜਾ ਰਹੀ ਇਹ ਨਵੀਂ ਜ਼ਿੰਦਗੀ ਜਿਹੜੀ ਈਮਾਨਦਾਰੀ ਨਾਲ, ਖੁੱਲ੍ਹਦਿਲੀ ਨਾਲ ਅਤੇ ਕਿਰਪਾ ਭਰੇ ਢੰਗ ਨਾਲ ਖ਼ੁਦਾ ਦੇ ਵਚਨ ਦਾ ਹੁਕਮ ਮੰਨਣ ਨਾਲ ਮਿਲਦੀ ਹੈ।

ਜ਼ਿੰਦਗੀ ਦਾ ਇਹ ਢੰਗ ਉਨ੍ਹਾਂ ਰੀਤਾਂ ਨੂੰ ਜਿਨ੍ਹਾਂ ਦਾ ਖ਼ੁਦਾ ਦੇ ਵਚਨ ਨਾਲ ਟਕਰਾਅ ਹੁੰਦਾ ਹੈ ਜਾਂ ਉਹ ਇਸ ਦੀ ਥਾਂ ਤੇ ਆ ਜਾਂਦੀਆਂ ਹਨ, ਕਰਮਕਾਂਡ ਅਤੇ ਹਰ ਤਰ੍ਹਾਂ ਦੇ ਕਪਟ ਨੂੰ ਖਾਰਜ ਕਰ ਦਿੰਦਾ ਹੈ।

ਜੋ ਕੁਝ ਖ਼ੁਦਾ ਨੇ ਸਾਨੂੰ ਦਿੱਤਾ ਹੈ ਉਸ ਨਾਲ ਅਸੀਂ ਇਸ ਜ਼ਿੰਦਗੀ ਵਿਚ ਕਿਸੇ ਵੀ ਚੀਜ਼ ਨੂੰ ਦਖ਼ਲ ਨਹੀਂ ਦੇਣ ਦੇ ਸਕਦੇ, ਉਨ੍ਹਾਂ ਪੁਰਾਣੀਆਂ ਤੋਂ ਪੁਰਾਣੀਆਂ ਰੀਤਾਂ ਨੂੰ ਵੀ ਨਹੀਂ ਜਿਹੜੀਆਂ ਸਾਨੂੰ ਬੜੀਆਂ ਪਿਆਰੀਆਂ ਹਨ।

ਮਨ ਦੀ ਗੱਲ (7: 14-23)

ਯਿਸੂ ਦੇ ਮੁਤਾਬਿਕ ਸਹੀ ਜ਼ਿੰਦਗੀ ਜੀਣ ਦੀ ਮੁੱਖ ਦੀ ਗੱਲ ਮਨ ਦੀ ਗੱਲ ਹੈ। ਉਸ ਨੇ ਕਿਹਾ ਕਿ ਭੋਜਨ ਖਾਣ ਦੇ ਅਰਥ ਵਿਚ ਇਸ ਨਾਲ ਕੋਈ ਫ਼ਰਕ ਨਹੀਂ ਪੈਂਦਾ ਕਿ ਕਿਸੇ ਦੇ ਪੇਟ ਵਿਚ ਕੀ ਗਿਆ ਹੈ, ਪਰ ਇਸ ਨਾਲ ਫ਼ਰਕ ਜ਼ਰੂਰ ਪੈਂਦਾ ਹੈ ਕਿ ਉਸ ਦੇ ਮਨ ਵਿੱਚੋਂ ਕਿਹੜੇ ਕਿਹੜੇ ਵਿਚਾਰ, ਸ਼ਬਦ ਅਤੇ ਅਮਲ ਨਿੱਕਲੇ ਹਨ।

ਯਿਸੂ ਗ੍ਰੰਥੀਆਂ ਅਤੇ ਫ਼ਰੀਸੀਆਂ ਨਾਲ ਗੱਲ ਕਰ ਰਿਹਾ ਸੀ। ਫਿਰ ਉਸ ਨੇ ਲੋਕਾਂ ਨੂੰ ਇਕੱਠਿਆਂ ਬੁਲਾ ਲਿਆ ਅਤੇ ਇਹ ਆਖਦੇ ਹੋਏ ਉਨ੍ਹਾਂ ਨਾਲ ਗੱਲ ਕੀਤੀ, ''ਤੁਸੀਂ ਸਭ ਦੇ ਸਭ ਮੇਰੀ ਸੁਣੋ ਅਤੇ ਸਮਝੋ'' (7: 14)। ਖ਼ੁਦਾ ਦੀ ਸੇਵਾ ਕਰਨ ਅਤੇ ਚੰਗਾ ਜੀਵਨ ਭਾਵ ਸਹੀ ਜ਼ਿੰਦਗੀ ਜੀਣ ਲਈ ਜੋ ਕੁਝ ਉਸ ਨੇ ਉਨ੍ਹਾਂ ਨੂੰ ਕਹਿਣਾ ਸੀ ਉਹ ਬੜਾ ਅਹਿਮ ਹੋਣ ਵਾਲਾ ਸੀ। ਉਸ ਨੇ ਇੱਕੋ ਵਾਕ ਵਿਚ ਆਪਣੀ ਗੱਲ ਕਹਿ ਦਿੱਤੀ ਕਿ ''ਇਹੋ ਜਿਹੀ ਕੋਈ ਚੀਜ਼ ਨਹੀਂ ਹੈ ਜਿਹੜੀ ਮਨੁੱਖ ਦੇ ਬਾਹਰੋਂ ਉਹਦੇ ਅੰਦਰ ਜਾਕੇ ਉਹਨੂੰ ਭਰਿਸ਼ਟ ਕਰ ਸੱਕੇ'' (7: 15)।

ਬਾਅਦ ਵਿਚ ਜਦ ਯਿਸੂ ਉੱਥੇ ਗਿਆ ਜੋ ਕਿ ਬਹੁਤਾ ਮੁਮਕਿਨ ਹੈ ਕਿ ਪਤਰਸ ਦਾ ਘਰ ਹੀ ਹੈ, ਤਾਂ ਉਸ ਦੇ ਚੇਲਿਆਂ ਨੇ ਉਸ ਤੋਂ ਪੁੱਛਿਆ ਕਿ ਉਸ ਦੇ ਕਹਿਣ ਦਾ ਕੀ ਮਤਲਬ ਸੀ। ਜਿਵੇਂ ਕਿ 7: 17 ਵਿਚ ਕਿਹਾ ਗਿਆ ਹੈ ਕਿ ਉਹ ਜਾਣਨਾ ਚਾਹ ਰਹੇ ਸਨ ਕਿ ''ਦ੍ਰਿਸ਼ਟਾਂਤ'' ਤੋਂ ਉਸ ਦਾ ਕੀ ਭਾਵ ਸੀ। ਯਿਸੂ ਨੇ ਉਨ੍ਹਾਂ ਨੂੰ ਸਾਫ਼-ਸਾਫ਼ ਜਵਾਬ ਦਿੱਤਾ:

> ਭਲਾ, ਤੁਸੀਂ ਵੀ ਅਜੇਹੇ ਨਿਰਬੁੱਧ ਹੋ? ਕੀ ਤੁਸੀਂ ਨਹੀਂ ਸਮਝਦੇ ਭਈ ਜੋ ਕੁਝ ਬਾਹਰੋਂ ਮਨੁੱਖ ਵਿੱਚ ਜਾਂਦਾ ਹੈ ਸੋ ਉਹਨੂੰ ਭਰਿਸ਼ਟ ਨਹੀਂ ਕਰ ਸੱਕਦਾ? ਕਿਉਂਕਿ ਉਹ ਉਸ ਦੇ ਦਿਲ ਵਿੱਚ ਨਹੀਂ ਪਰ ਢਿੱਡ ਵਿੱਚ ਜਾਂਦਾ ਹੈ ਅਤੇ ਸੇਦਖਾਨੇ ਵਿੱਚ ਨਿੱਕਲ ਜਾਂਦਾ ਹੈ? (7: 18, 19)।

ਯਿਸੂ ਦੀ ਗੱਲਬਾਤ ਇਕ ਰੂਹਾਨੀ ਉਡਾਨ ਤੇ ਸੀ, ਪਰ ਚੇਲਿਆਂ ਨੂੰ ਇਸ ਦੇ ਰੂਹਾਨੀ ਹੋਣ ਦੀ ਸਮਝ ਨਹੀਂ ਆਈ।

ਪਹਿਲਾਂ ਤਾਂ ਯਿਸੂ ਨੂੰ ਉਸ ਦੇ ਚੇਲਿਆਂ ਦੇ ਉਨ੍ਹਾਂ ਯਹੂਦੀ ਰੀਤਾਂ ਨੂੰ ਨਾ ਮੰਨਣ ਤੇ ਸਵਾਲ ਕੀਤਾ ਗਿਆ ਸੀ, ਜਿਨ੍ਹਾਂ ਦਾ ਸਰੀਰਕ ਜਾਂ ਆਤਮਿਕ ਸ਼ੁੱਧਤਾ ਨਾਲ ਕੋਈ ਸਬੰਧ ਨਹੀਂ ਸੀ। ਇਨ੍ਹਾਂ ਰੀਤਾਂ ਨਾਲ ਸਰੀਰ ਜਾਂ ਮਨ ਸ਼ੁੱਧ ਨਹੀਂ ਹੁੰਦਾ ਸੀ। ਇਹ ਮਨੁੱਖ ਦੀਆਂ ਬਣਾਈਆਂ ਰੀਤਾਂ ਸਨ, ਜਿਨ੍ਹਾਂ ਦੀ ਕੋਈ ਰੂਹਾਨੀ ਅਹਿਮੀਅਤ ਨਹੀਂ ਹੁੰਦੀ ਸੀ।

ਜ਼ਾਹਿਰ ਤੌਰ ਤੇ ਗੱਲਬਾਤ ਵਿਚ ਯਿਸੂ ਨੇ ਆਪਣੀ ਮੁੱਖ ਗੱਲ ਕਹੀ: ''ਜੋ ਮਨੁੱਖ ਦੇ ਅੰਦਰੋਂ ਨਿੱਕਲਦਾ ਹੈ ਸੋਈ ਮਨੁੱਖ ਨੂੰ ਭਰਿਸ਼ਟ ਕਰਦਾ ਹੈ'' (7: 20)। ਯਿਸੂ ਨੇ ਉਨ੍ਹਾਂ ਨੂੰ ਦੱਸਿਆ ਕਿ ਮਨ ਵਿੱਚੋਂ ਉੱਠਣ ਵਾਲਾ ਪਾਪ ਹੀ ਅਸਲ ਵਿਚ ਆਦਮੀ ਨੂੰ ਅਸ਼ੁੱਧ ਕਰਦਾ ਹੈ।

ਮਸੀਹ ਦੇ ਹਰ ਚੇਲੇ ਨੂੰ ਬੜੇ ਧਿਆਨ ਨਾਲ ਇਸ ਤੱਥ ਨੂੰ ਸਮਝ ਲੈਣਾ ਜ਼ਰੂਰੀ ਹੈ ਕਿ ਜ਼ਿੰਦਗੀ ਦੀ ਸਭ ਤੋਂ ਵੱਡੀ ਚਿੰਤਾ ਮਨ ਹੀ ਹੈ। ਇਹ ਐਲਾਨ ਕਰਕੇ ਕਿ ਇੱਥੇ ਸਭ ਤੋਂ ਅਹਿਮ ਮਨ ਦੀ ਗੱਲ ਹੀ ਹੈ, ਯਿਸੂ ਦੇ ਕਹਿਣ ਦਾ ਕੀ ਮਤਲਬ ਸੀ?

1. *ਅਸੀਂ ਆਪਣੇ ਮਨਾਂ ਵਿਚ ਆਪਣੇ ਵਿਚਾਰ ਬਣਾਉਂਦੇ ਅਤੇ ਉਨ੍ਹਾਂ ਨੂੰ ਸੰਗਠਿਤ ਕਰਦੇ ਹਾਂ।* ਖ਼ੁਦਾ ਨੇ ਜਦੋਂ ਸਾਨੂੰ ਆਪਣੇ ਸਰੂਪ ਤੇ ਬਣਾਇਆ, ਤਾਂ ਉਸ ਨੇ ਸਾਨੂੰ ਸੋਚਣ ਵਾਲੇ ਜੀ ਬਣਾਇਆ। ਜਿਵੇਂ ਚਾਹੀਏ ਉਵੇਂ ਸੋਚਣ ਦੀ ਅਜ਼ਾਦੀ ਦੇ ਕੇ ਉਸ ਨੇ ਸਾਨੂੰ ਆਪਣੇ ਮਨਾਂ ਦੇ ਮਾਲਕ ਵੀ ਬਣਾਇਆ। ਪਰ ਉਸ ਨੇ ਚਿਤਾਵਨੀ ਦਿੱਤੀ ਕਿ ਸਾਨੂੰ ਆਪਣੇ ਵਿਚਾਰਾਂ ਦੀ ਚੌਕਸੀ ਕਰਨੀ ਜ਼ਰੂਰੀ ਹੈ (ਕਹਾਉਤਾਂ 3:7, 8)। ਜਦੋਂ ਕਿਸੇ ਦਾ ਮਨ ਬੁਰਿਆਈ ਦਾ ਗਰਕ ਬਣ ਜਾਂਦਾ ਹੈ ਭਾਵ ''ਬੁਰੇ ਖਿਆਲ, ਹਰਾਮਕਾਰੀਆਂ ਚੋਰੀਆਂ, ਖ਼ੂਨ, ਜ਼ਨਾਹਕਾਰੀਆਂ, ਲੋਭ, ਬਦੀਆਂ, ਛਲ, ਮਸਤੀ, ਬੁਰੀ ਨਜ਼ਰ, ਕੁਫ਼ਰ, ਹੰਕਾਰ, ਮੂਰਖਤਾਈ'' ਨਾਲ ਭਰ ਜਾਂਦਾ ਹੈ (7:21, 22) ਤਾਂ ਸਾਫ਼ ਹੈ ਕਿ ਉਹਦੀ ਜ਼ਿੰਦਗੀ ਅਸ਼ੁੱਧ ਹੋ ਗਈ ਹੈ।

2. *ਆਪਣੇ ਮਨਾਂ ਵਿਚ ਅਸੀਂ ਆਪਣੇ ਫ਼ੈਸਲੇ ਬਣਾਉਂਦੇ ਅਤੇ ਉਨ੍ਹਾਂ ਨੂੰ ਅਮਲੀ ਰੂਪ ਦਿੰਦੇ ਹਾਂ।* ਮਨ ਉਹ ਥਾਂ ਹੈ ਜਿੱਥੇ ਫ਼ੈਸਲੇ ਲਏ ਜਾਂਦੇ ਹਨ। ਮਨ ਨਾਲ ਅਸੀਂ ਆਪਣੇ ਇਰਾਦੇ ਤੈਅ ਕਰਦੇ ਹਾਂ। ਇਸੇ ਕਰਕੇ ਯਹੋਸ਼ੁਆ ਇਸਰਾਏਲੀਆਂ ਨੂੰ ਕਹਿ ਸਕਿਆ ਸੀ, ''ਅੱਜ ਤੁਸੀਂ ਉਸ ਨੂੰ ਚੁਣ ਲਵੋ ਜਿਹਦੀ ਉਪਾਸਨਾ ਤੁਸੀਂ ਕਰੋਗੇ ... ਪਰ ਮੈਂ ਅਤੇ ਮੇਰਾ ਘਰਾਣਾ ਤਾਂ ਯਹੋਵਾਹ ਹੀ ਦੀ ਉਪਾਸਨਾ ਕਰਾਂਗੇ'' (ਯਹੋਸ਼ੁਆ 24:15)।

ਮਨ ਸਿਰਫ਼ ਉਹੀ ਥਾਂ ਨਹੀਂ ਹੈ ਜਿੱਥੇ ਅਸੀਂ ਫ਼ੈਸਲੇ ਲੈਂਦੇ ਹਾਂ, ਬਲਕਿ ਇਹ ਉਹ ਥਾਂ ਵੀ ਹੈ ਜਿੱਥੇ ਅਸੀਂ ਆਪਣੇ ਫ਼ੈਸਲਿਆਂ ਤੇ ਕਾਇਮ ਰਹਿੰਦੇ ਹਾਂ। ਖ਼ੁਦਾ ਦੀ ਸੇਵਾ ਕਰਨ ਦਾ ਫ਼ੈਸਲਾ ਲੈਣ ਤੋਂ ਬਾਅਦ ਸਾਡੇ ਲਈ ਇਸ ਵਿਚ ਕਾਇਮ ਰਹਿਣਾ ਜ਼ਰੂਰੀ ਹੁੰਦਾ ਹੈ। ਵੱਖੋ-ਵੱਖ ਤਰ੍ਹਾਂ ਦੀ ਜ਼ਮੀਨ ਦੇ ਦ੍ਰਿਸ਼ਟਾਂਤ ਵਿਚ ਯਿਸੂ ਨੇ ਉਨ੍ਹਾਂ ਲੋਕਾਂ ਦੀ ਗੱਲ ਕੀਤੀ ਜਿਨ੍ਹਾਂ ਨੇ ਝੱਟ ਵਚਨ ਨੂੰ ਮੰਨ ਲਿਆ ਪਰ ਅਸਲ ਵਿਚ ਉਹ ਥੋੜ੍ਹੀ ਦੇਰ ਤਕ ਕਾਇਮ ਰਹੇ, ਕਿਉਂ ਜੋ ਉਨ੍ਹਾਂ ਦੀ ਵਚਨਬੱਧਤਾ ਉੱਤੋਂ ਉੱਤੋਂ ਸੀ (ਮਰਕੁਸ 4:16, 17)।

3. *ਆਪਣੇ ਮਨਾਂ ਵਿਚ, ਅਸੀਂ ਆਪਣੀ ਗੱਲਬਾਤ ਨੂੰ ਅਪਣਾਉਂਦੇ ਅਤੇ ਉਸ ਤੋਂ ਅੱਗੇ ਵਧਦੇ ਹਾਂ।* ਮਨ ਦੇ ਖੂਹ ਵਿਚ ਹੇਠਾਂ ਜੋ ਕੁਝ ਵੀ ਹੈ ਉਹਨੂੰ ਬੋਲਣ ਦੀ ਬਾਲਟੀ ਨਾਲ ਬਾਹਰ ਆ ਕੇ ਜੀਭ ਅਤੇ ਬੁੱਲ੍ਹਾਂ ਦੇ ਰਾਹੀਂ ਡੋਲ੍ਹ ਦਿੱਤਾ ਜਾਵੇਗਾ। ਆਪਣੇ ਮਨ ਵਿਚ ਅਸੀਂ ਉਨ੍ਹਾਂ ਵਿਚਾਰਾਂ ਅਤੇ ਸ਼ਬਦਾਂ ਨੂੰ ਘੜਦੇ ਹਾਂ ਜਿਨ੍ਹਾਂ ਨੂੰ ਅਸੀਂ ਦੂਜਿਆਂ ਨਾਲ ਆਪਣੀ ਗੱਲਬਾਤ ਵਿਚ ਜ਼ਾਹਿਰ ਕਰਦੇ ਹਾਂ।

ਇਕ ਮੌਕੇ ਤੇ, ਯਿਸੂ ਨੇ ਫ਼ਰੀਸੀਆਂ ਨੂੰ ਕਿਹਾ, ''ਹੇ ਸੱਪਾਂ ਦੇ ਬੱਚਿਓ! ਤੁਸੀਂ ਬੁਰੇ ਹੋ ਕੇ ਚੰਗੀਆਂ ਗੱਲਾਂ ਕਿੱਕੁਰ ਕਰ ਸਕਦੇ ਹੋ? ਕਿਉਂ ਜੋ ਜੋ ਮਨ ਵਿਚ ਭਰਿਆ ਹੋਇਆ ਹੈ ਉਹੋ ਮੂੰਹ ਉੱਤੇ ਆਉਂਦਾ ਹੈ'' (ਮੱਤੀ 12:34)। ਉਸ ਨੇ ਅੱਗੇ ਕਿਹਾ,

> ਭਲਾ ਮਨੁੱਖ ਭਲੇ ਖ਼ਜ਼ਾਨੇ ਵਿੱਚੋਂ ਭਲੀਆਂ ਗੱਲਾਂ ਕੱਢਦਾ ਹੈ ਅਤੇ ਬੁਰਾ ਮਨੁੱਖ ਬੁਰੇ ਖ਼ਜ਼ਾਨੇ ਵਿੱਚੋਂ ਬੁਰੀਆਂ ਗੱਲਾਂ ਕੱਢਦਾ ਹੈ। ਪਰ ਮੈਂ ਤੁਹਾਨੂੰ ਆਖਦਾ ਹਾਂ ਭਈ ਮਨੁੱਖ ਹਰੇਕ ਅਕਾਰਥ ਗੱਲ ਜੋ ਬੋਲਣ ਨਿਆਉਂ ਦੇ ਦਿਨ ਉਹ ਦਾ ਹਿਸਾਬ ਦੇਣਗੇ। ਇਸ ਲਈ ਜੋ ਤੂੰ ਆਪਣੀਆਂ ਗੱਲਾਂ ਤੋਂ ਧਰਮੀ ਅਤੇ ਆਪਣੀਆਂ ਗੱਲਾਂ ਤੋਂ ਦੋਸ਼ੀ ਠਹਿਰਾਇਆ ਜਾਏਂਗਾ (ਮੱਤੀ 12:35-37)।

4. *ਆਪਣੇ ਮਨਾਂ ਵਿਚ ਅਸੀਂ ਆਪਣੇ ਵਿਚਾਰ ਨੂੰ ਚੁਣਦੇ ਅਤੇ ਵਿਹਾਰ ਕਰਦੇ ਹਾਂ।* ਅਸੀਂ ਆਪਣੇ ਹੱਥਾਂ ਨਾਲ ਫੈਲਦੇ ਹਾਂ। ਆਪਣੀ ਜੀਭ ਨਾਲ ਬੋਲਦੇ ਹਾਂ। ਆਪਣੀਆਂ ਅੱਖਾਂ ਨਾਲ ਵੇਖਦੇ ਹਾਂ। ਸਾਡੇ ਮਨ ਸਾਡੇ ਹੱਥਾਂ, ਜੀਭਾਂ ਅਤੇ ਅੱਖਾਂ ਨੂੰ ਇਹ ਦੱਸਦੇ ਹੋਏ ਕਿ ਕੀ ਕਰਨਾ ਹੈ, ਸਾਨੂੰ ਚਲਾਉਂਦੇ ਹਨ।

ਆਪਣੇ ਕੰਮਾਂ ਵਿਚ ਧਰਮੀ ਅਸੀਂ ਪਹਿਲਾਂ ਸਿਰਫ਼ ਆਪਣੀ ਸੋਚ ਵਿਚ ਸਹੀ ਹੋ ਕੇ ਹੋ ਸਕਦੇ ਹਾਂ। ਜਦ ਕੋਈ ਵਿਅਕਤੀ ਸੱਚਾ ਅਤੇ ਆਦਰ ਦੇ ਯੋਗ ਹੋਵੇ, ਸਹੀ ਚੀਜ਼ ਦੀ ਤਲਾਸ਼ ਵਿਚ ਹੋਵੇ, ਅਤੇ ਉਸ ਦੇ ਕੰਮ ਉਸ ਦੇ ਵਿਚਾਰਾਂ ਨਾਲ ਅਤੇ ਉਸ ਦੇ ਮਨ ਦਾ ਚੰਗਾ ਚਰਿੱਤਰ ਨਜ਼ਰ ਆਉਂਦਾ

ਹੈ (ਵੇਖੋ ਫ਼ਿਲਿੱਪੀਆਂ 4:8, 9)।

ਨਿਚੋੜ: ਅਸੀਂ ਜ਼ਿੰਦਗੀ ਦੇ ਸਾਰ ਤੇ ਵਿਚਾਰ ਕਰ ਰਹੇ ਹਾਂ। ਸਾਡੇ ਬੋਲ, ਵਿਚਾਰ, ਕੰਮ ਅਤੇ ਸੰਕਲਪ ਸਾਡੇ ਮਨਾਂ ਵੱਚੋਂ ਨਿੱਕਲਦੇ ਹਨ।

ਕਹਾਉਤਾਂ 4 ਅਧਿਆਇ ਵਿਚ ਜਵਾਨਾਂ ਨੂੰ ਸਮਰਪਿਤ ਇਕ ਹਿੱਸਾ ਹੈ। ਇਸ ਦੀ ਸ਼ੁਰੂਆਤੀ ਇਸ ਤਰ੍ਹਾਂ ਹੁੰਦੀ ਹੈ, ''ਹੇ ਮੇਰੇ ਪੁੱਤਰੋ ਤੁਸੀਂ ਪਿਉ ਦਾ ਉਪਦੇਸ਼ ਸੁਣੋ ਅਤੇ ਸਮਝ ਕਰਨ ਉੱਤੇ ਮਨ ਲਾਓ'' (4:1)। ਫਿਰ 4:23 ਵਿਚ ਉਸ ਨੇ ਕਿਹਾ, ''ਆਪਣੇ ਮਨ ਦੀ ਵੱਡੀ ਚੌਕਸੀ ਕਰ, ਕਿਉਂ ਜੋ ਜੀਉਣ ਦੀਆਂ ਧਾਰਾਂ ਓਸੇ ਤੋਂ ਨਿੱਕਲਦੀਆਂ ਹਨ!'' ਬੁਨਿਆਦੀ ਤੌਰ ਤੇ ਇਸ ਆਇਤ ਦੀ ਠੋਸ ਸਲਾਹ ''ਮਨ,'' ''ਵੱਡੀ,'' ਅਤੇ ''ਚੌਕਸੀ'' ਤਿੰਨ ਸ਼ਬਦਾਂ ਨਾਲ ਦਿੱਤੀ ਗਈ ਹੈ। ''ਮਨ'' ਸ਼ਬਦ ਸਾਡੇ ਵਜੂਦ ਦਾ ਕੇਂਦਰ ਭਾਵ ਸਾਡੀ ਜ਼ਿੰਦਗੀ ਦਾ ਕੰਟਰੋਲਰੂਮ ਹੈ। ''ਵੱਡੀ'' ਸ਼ਬਦ ਬੜੀ ਸਮਝਦਾਰੀ, ਸੰਜਮ ਅਤੇ ਜ਼ਿੰਮੇਵਾਰੀ ਨਾਲ ਧਿਆਨ ਰੱਖਣ ਦਾ ਸੁਝਾਅ ਦਿੰਦਾ ਹੈ। ''ਚੌਕਸੀ ਕਰ'' ਸ਼ਬਦ ਵਿਚ ਇਸ ਦਾ ਧਿਆਨ ਰੱਖਣਾ ਅਤੇ ਇਸ ਉੱਤੇ ਨਜ਼ਰ ਰੱਖਣਾ ਮਿਲਦਾ ਹੈ। ਇਸ ਵਾਕ ਵਿਚ ਸਭ ਤੋਂ ਆਮ ਹਦਾਇਤ ਹੈ ਜਿਹੜੀ ਜੀਣ ਲਈ ਦਿੱਤੀ ਜਾ ਸਕਦੀ ਹੈ।

ਨਿਆਂ ਵਾਲੇ ਦਿਨ ਖ਼ੁਦਾ ਸਾਡੇ ਮਨਾਂ ਦਾ ਨਿਆਂ ਕਰੇਗਾ; ਕਿਉਂ ਜੋ ਅਸੀਂ ਆਪਣੀ ਜ਼ਿੰਦਗੀ ਅਸਲ ਵਿਚ ਉੱਥੇ ਹੀ ਬਿਤਾਈ ਹੈ। ਕਿਸੇ ਦੇ ਕੰਮਾਂ ਦੇ ਮਗਰ ਉਹਦਾ ਮਨ ਹੀ ਹੁੰਦਾ ਹੈ ਜਿਸ ਵਿਚ ਉਹਦਾ ਵਿਚਾਰ ਹੈ ਕਿ ਜੀਣਾ ਕਿਵੇਂ ਹੈ। ਧਰਮੀ ਮਨ ਨੂੰ ਖ਼ੁਦਾ ਦੀ ਮੰਜ਼ੂਰੀ ਹੋਵੇਗੀ ਅਤੇ ਦੁਸ਼ਟ ਮਨ ਨੂੰ ਖ਼ੁਦਾ ਦੀ ਸਜ਼ਾ ਮਿਲੇਗੀ।

ਮਸੀਹੀ ਬਣਨਾ ਇਕ ਗੱਲ ਹੈ, ਜਦਕਿ ਯਿਸੂ ਵੱਲੋਂ ਦਿੱਤੀ ਗਈ ਰੋਜ਼ ਮੱਰਾ ਦੀ ਜ਼ਿੰਦਗੀ ਜੀਣ ਦੀ ਯੋਜਨਾ ਤੇ ਚੱਲਣਾ ਦੂਜੀ ਗੱਲ। ਮਸੀਹੀ ਬਣਨਾ ਇਕ ਫ਼ੈਸਲਾ ਹੈ, ਪਰ ਮਸੀਹ ਉੱਤੇ ਕੇਂਦ੍ਰਿਤ ਜ਼ਿੰਦਗੀ ਉਸ ਫ਼ੈਸਲੇ ਨੂੰ ਰੋਜ਼–ਬ–ਰੋਜ਼ ਮੰਨਣਾ ਹੈ। ਮਨ ਇਨ੍ਹਾਂ ਦੋਹਾਂ ਵਿਚ ਸ਼ਾਮਿਲ ਹੈ। ਪਹਿਲੇ ਵਾਲਾ ਫ਼ੈਸਲਾ ਮਨ ਦੀ ਵਰਤੋਂ ਫ਼ੈਸਲਾ ਲੈਣ ਵਿਚ ਕਰਦਾ ਹੈ ਅਤੇ ਦੂਜੇ ਵਿਚ ਆਦਮੀ ਦੀ ਬਾਕੀ ਜ਼ਿੰਦਗੀ ਲਈ ਜੀਣ ਦੀ ਨਿਰੰਤਰਤਾ ਵਿਚ ਮਨ ਹੀ ਹੁੰਦਾ ਹੈ। ਮਸੀਹੀ ਸੋਚ ਦੇ ਬਗੈਰ ਨਾ ਤਾਂ ਕੋਈ ਮਸੀਹੀ ਹੈ, ਨਾ ਮਸੀਹੀ ਜ਼ਿੰਦਗੀ ਅਤੇ ਨਾ ਮਸੀਹੀ ਆਸ। ਭਗਤੀ ਭਰੀ ਸੋਚ ਲਈ ਜਿਸ ਵਿੱਚੋਂ ਭਗਤੀ ਭਰੀ ਜ਼ਿੰਦਗੀ ਦਾ ਸੋਮਾ ਫੁੱਟਦਾ ਹੈ, ਮਨ ਹੀ ਹੈ। ਜ਼ਿੰਦਗੀ ਹੋਵੇ ਜਾਂ ਅਨਾਦੀਕਾਲ, ਸਹੀ ਮਨ ਦੇ ਬਗੈਰ ਅਸਲ ਕੀਮਤ ਕਿਸੇ ਦੀ ਨਹੀਂ।

ਨਿਹਚਾ ਦੀ ਭਾਵ (7:24-30)

ਯਿਸੂ ਕਫ਼ਰਨਾਹੂਮ ਦੇ ਆਲੇ ਦੁਆਲੇ ਦੇ ਇਲਾਕੇ ਵਿੱਚੋਂ ਨਿੱਕਲ ਕੇ ਫ਼ਲਸਤੀਨ ਦੇ ਪੱਛਮ ਵੱਲ ਚਲਿਆ ਗਿਆ। ਸੈਦਾ ਵਿੱਚੋਂ ਦੀ ਉਹ ''ਸੂਰ ਦੀਆਂ ਹੱਦਾਂ'' ਵਿਚ ਆਇਆ (7:24)। ਉਸ ਇਲਾਕੇ ਦੀ ਹੱਦ ਤੋਂ ਪਾਰ ਜਾ ਕੇ ਉਹ ਇਸ ਗੈਰਕੌਮ ਇਲਾਕੇ ਵਿਚ ਵੜਿਆ। ਜ਼ਾਹਿਰ ਹੈ ਕਿ ਉਹਦਾ ਇਸ ਥਾਂ ਤੇ ਪਹਿਲੀ ਵਾਰ ਆਉਣਾ ਸੀ। ਯਹੂਦੀਆ ਅਤੇ ਹੋਰ ਥਾਂਵਾਂ ਤੇ ਹੋਣ ਵਾਲੇ ਵਿਰੋਧ ਕਰਕੇ ਉਹਨੂੰ ਅਜਿਹੇ ਸ਼ਾਂਤ ਅਤੇ ਸਵਾਗਤ ਕਰਨ ਵਾਲੇ ਇਲਾਕੇ ਵਿਚ ਆਉਣਾ ਪਿਆ।

ਉੱਥੇ ਪਹੁੰਚ ਕੇ ਜ਼ਾਹਿਰ ਹੈ ਕਿ ਖੁੱਲ੍ਹ ਕੇ ਕੁਝ ਸਮਾਂ ਬਿਤਾਉਣ ਦੇ ਇਰਾਦੇ ਨਾਲ ਉਹ ਇਕ ਘਰ ਵਿਚ ਗਿਆ। ਉਹਦਾ ਇਰਾਦਾ ਰਸੂਲਾਂ ਨੂੰ ਹੋਰ ਨਿਰਦੇਸ਼ ਦੇਣ ਲਈ ਉਨ੍ਹਾਂ ਨਾਲ ਇਕਾਂਤ ਵਿਚ ਸਮਾਂ ਬਿਤਾਉਣ ਦਾ ਸੀ, ਜਿਸ ਕਰਕੇ ਉਹ ਨਹੀਂ ਚਾਹੁੰਦਾ ਸੀ ਕਿ ਕਿਸੇ ਨੂੰ ਪਤਾ ਲੱਗੇ ਕਿ ਉਹ ਇੱਥੇ ਹੈ। ਉਹ ਇੱਥੇ ਪ੍ਰਚਾਰ ਕਰਨ ਲਈ ਨਹੀਂ ਬਲਕਿ ਸਮਝਾਉਣ ਲਈ ਆਇਆ ਸੀ। 7:24 ਦੱਸਦਾ ਹੈ ਕਿ ਪਰ ''ਉਹ ਲੁਕਿਆ ਨਾ ਰਹਿ ਸਕਿਆ।'' ਯਿਸੂ ਦੀ ਮਸ਼ਹੂਰੀ ਉਸ ਤੋਂ ਪਹਿਲਾਂ ਪਹੁੰਚ ਗਈ ਸੀ। ਕਿਸੇ ਤਰ੍ਹਾਂ ਨਾਲ ਇਹ ਖ਼ਬਰ ਫੈਲ ਗਈ ਕਿ ਉਹ ਇਸ ਪਿੰਡ ਵਿਚ ਆਇਆ ਹੋਇਆ ਹੈ।

ਇਕ ਗੈਰਕੌਮ ਔਰਤ ਨੇ, ਜਿਹੜੀ ਕਿਸੇ ਤਰ੍ਹਾਂ ਨਾਲ ਯਿਸੂ ਦੀ ਵਿਸ਼ਵਾਸੀ ਬਣ ਗਈ ਸੀ, ਸੁਣਿਆ ਕਿ ਉਹ ਪਿੰਡ ਵਿਚ ਹੈ। ਉਹ ਸੂਰੁਫ਼ੈਨੀਕਣ ਸੀ ਭਾਵ ਉਹ ਕੁਝ ਕੁਝ ਸੀਰੀਆ ਦੀ ਅਤੇ ਕੁਝ ਕੁਝ ਫ਼ੀਨੀਕੇ ਦੀ ਸੀ। ਇਹ ਸੰਕੇਤ ਦਿੰਦੇ ਹੋਏ ਕਿ ਉਹ ਉਸ ਇਲਾਕੇ ਦੇ ਗੈਰ-ਯਹੂਦੀ ਲੋਕਾਂ ਵਿੱਚੋਂ ਸੀ, ਮੱਤੀ 15:22 ਉਸ ਨੂੰ ''ਕਨਾਨੀ ਤੀਵੀਂ'' ਦੱਸਦਾ ਹੈ। ਉਸ ਦੀ ਇਕ ਬੇਟੀ ਸੀ ਜਿਸ ਨੂੰ ਕਿਸੇ ਬਦਰੂਹ ਨੇ ਜਕੜਿਆ ਹੋਇਆ ਸੀ ਅਤੇ ਇਹ ਉਹਦੇ ਲਈ ਸਹਿਣ ਤੋਂ ਬਾਹਰ ਹੋ ਗਿਆ ਸੀ। ਉਹ ਆਪਣੀ ਬੇਟੀ ਨੂੰ ਯਿਸੂ ਕੋਲ ਲਿਜਾਣ ਦੇ ਮੌਕੇ ਦੀ ਉਡੀਕ ਵਿਚ ਸੀ, ਜਾਂ ਦੁਆ ਵੀ ਕਰਦੀ ਹੋਵੇਗੀ।

ਇਹ ਸੁਣ ਕੇ ਕਿ ਯਿਸੂ ਉਨ੍ਹਾਂ ਦੇ ਇਲਾਕੇ ਵਿਚ ਆਇਆ ਹੈ, ਜਿੰਨੀ ਛੇਤੀ ਹੋ ਸਕਿਆ ਇਹ ਔਰਤ ਉੱਥੇ ਚਲੀ ਗਈ ਜਿੱਥੇ ਉਹ ਸੀ। ਉਹਦੇ ਕੋਲ ਪਹੁੰਚ ਕੇ ਉਹ ਉਸ ਨੂੰ ਪੁਕਾਰਣ ਲੱਗੀ ਅਤੇ ਉਹਦੇ ਚੇਲਿਆਂ ਨੂੰ ਉਸ ਨੂੰ ਮਿਲਣ ਦੇਣ ਬੇਨਤੀ ਕਰਨ ਲੱਗੀ। ਉਹ ਜਵਾਬ ਵਿਚ ''ਨਾਂਹ'' ਨਹੀਂ ਸੁਣਨਾ ਚਾਹੁੰਦੀ ਸੀ। ਇਹ ਮੰਨ ਕੇ ਉਹਦੇ ਕਰਕੇ ਯਿਸੂ ਦਾ ਨਾਂਅ ਉਵੇਂ ਬਦਨਾਮ ਹੋ ਜਾਵੇਗਾ ਜਿਵੇਂ ਉਹ ਨਹੀਂ ਸੀ ਚਾਹੁੰਦਾ ਕਿ ਅਜੇ ਹੋਵੇ, ਚੇਲੇ ਚਾਹੁੰਦੇ ਸਨ ਕਿ ਉਹ ਚਲੀ ਜਾਵੇ। ਕਿਸੇ ਤਰ੍ਹਾਂ ਨਾਲ ਉਹ ਚੇਲਿਆਂ ਕੋਲੋਂ ਦੀ ਨਿੱਕਲ ਕੇ ਯਿਸੂ ਵੱਲ ਭੱਜ ਗਈ। ਉਹਦੇ ਅੱਗੇ ਝੁਕਦੇ ਹੋਏ ਉਹ ਉਹਦੇ ਸਾਹਮਣੇ ਡਿੱਗ ਪਈ ਅਤੇ ਆਖਣ ਲੱਗੀ, ''ਪ੍ਰਭੂ ਜੀ ਮੇਰੀ ਸਹਾਇਤਾ ਕਰੋ'' (ਮੱਤੀ 15:25) । ਮਰਕੁਸ ਸੰਕੇਤ ਦਿੰਦਾ ਹੈ ਕਿ ਉਹ ਆਖੀ ਜਾ ਰਹੀ ਸੀ, ''ਹੇ ਪ੍ਰਭੂ, ਮੇਰੀ ਧੀ ਦੀ ਮਦਦ ਕਰੋ'' (ਵੇਖੋ ਮਰਕੁਸ 7:26)। ਉਸ ਦੀ ਬੇਨਤੀ ਖ਼ਾਸ, ਜੋਸ਼ ਨਾਲ ਭਰੀ, ਪ੍ਰਭਾਵਸ਼ਾਲੀ ਅਤੇ ਸੰਭਵ ਤੌਰ ਤੇ ਹੰਝੂਆਂ ਨਾਲ ਭਰੀ ਸੀ।

ਉਸ ਨੂੰ ਜਵਾਬ ਦਿੰਦੇ ਹੋਏ, ਯਿਸੂ ਨੇ ਆਖਿਆ ਕਿ ''ਮੈਂ ਇਸਰਾਏਲ ਦੇ ਪਰਿਵਾਰ ਦੀਆਂ ਗੁਆਚੀਆਂ ਹੋਈਆਂ ਭੇਡਾਂ ਦੇ ਬਿਨਾ ਹੋਰਨਾਂ ਕੋਲ ਨਹੀਂ ਘੱਲਿਆ ਗਿਆ'' (ਮੱਤੀ 15:24)। ਪਰ ਇਸ ਔਰਤ ਨੂੰ ਵਰਜਿਆ ਨਹੀਂ ਗਿਆ ਅਤੇ ਉਹ ਬੇਨਤੀ ਕਰਦੀ ਰਹੀ। ਇਸ ਕਰਕੇ ਯਿਸੂ ਨੇ ਉਸ ਨੂੰ ਆਖਿਆ, ''ਪਹਿਲਾਂ ਬਾਲਕਾਂ ਨੂੰ ਰੱਜ ਕੇ ਖਾਣ ਦਿਹ ਕਿਉਂ ਜੋ ਬਾਲਕਾਂ ਦੀ ਰੋਟੀ ਲੈ ਕੇ ਕਤੂਰਿਆਂ ਨੂੰ ਪਾਉਣੀ ਅੱਛੀ ਨਹੀਂ ਹੈ'' (ਮਰਕੁਸ 7:27)। ਉਹਦੀ ਗੱਲ ਵਿਚ ਇਹ ਸੰਕੇਤ ਸੀ ਕਿ ਸਮਾਂ ਆਉਣ ਵਾਲਾ ਸੀ ਜਦੋਂ ਗੈਰਕੌਮਾਂ ਨੂੰ ਮੌਕਾ ਮਿਲਣਾ ਸੀ, ਪਰ ਅਜੇ ਉਹ ਸਮਾਂ ਨਹੀਂ ਆਇਆ ਸੀ। ਇਸ ਔਰਤ ਨੇ, ਜਿਹਦੇ ਕੰਨਾਂ ਵਿਚ ਅਜੇ ਵੀ ਬੋਲ ਗੂੰਜ ਰਹੇ ਸਨ, ਜਵਾਬ ਦਿੱਤਾ, ''ਠੀਕ ਪ੍ਰਭੂ ਜੀ, ਕਤੂਰੇ ਭੀ ਤਾਂ ਮੇਜ਼ ਦੇ ਹੇਠ ਬਾਲਕਾਂ ਦੇ ਚੂਰੇ ਭੂਰੇ ਖਾਂਦੇ ਹਨ'' (7:28)।

ਯਿਸੂ ਦਾ ਮਨ ਉਸ ਔਰਤ ਦੇ ਮਜ਼ਬੂਤ ਵਿਸ਼ਵਾਸ ਨਾਲ ਬਹੁਤ ਪਿਘਲ ਗਿਆ। ਅਜਿਹੇ ਵਿਸ਼ਵਾਸ ਨੂੰ ਵੇਖ ਕੇ ਉਸ ਨੇ ਉਸ ਨੂੰ ਆਖਿਆ, ''ਇਸ ਗੱਲ ਦੇ ਕਾਰਣ ਚੱਲੀ ਜਾਹ। ਭੂਤ ਤੇਰੀ ਧੀ ਵਿੱਚੋਂ ਨਿੱਕਲ ਗਿਆ ਹੈ'' (7:29)। ਸੂਰ ਦੀ ਇਸ ਘਟਨਾ ਦੀ ਮਰਕੁਸ ਦੀ ਇਹ ਆਖ਼ਰੀ ਟਿੱਪਣੀ ਹੈ, ''ਅਤੇ ਉਸ ਨੇ ਆਪਣੇ ਘਰ ਜਾਕੇ ਵੇਖਿਆ ਜੋ ਲੜਕੀ ਮੰਜੇ ਉੱਤੇ ਲੰਮੀ ਪਈ ਹੋਈ ਹੈ ਅਤੇ ਭੂਤ ਨਿੱਕਲ ਗਿਆ ਹੈ'' (7:30)।

ਇਸ ਔਰਤ ਦੀ ਮਿਸਾਲ ਦਾ ਸਾਡੇ ਲਈ ਕੀ ਮਤਲਬ ਹੋ ਸਕਦਾ ਹੈ? ਯਿਸੂ ਅੱਗੇ ਬਾਰ-ਬਾਰ ਬੇਨਤੀ ਕਰਨ ਨਾਲ ਉਸ ਨੇ ਇਕ ਵਧੀਆ ਰੂਪਰੇਖਾ ਦੇ ਦਿੱਤੀ ਕਿ ਜ਼ਿੰਦਾ ਖ਼ੁਦਾ ਵਿਚ ਵਿਸ਼ਵਾਸ ਕਰਨ ਵਾਲੇ ਨੂੰ ਦੁਆ ਕਿਵੇਂ ਕਰਨੀ ਚਾਹੀਦੀ ਹੈ।

1. ਇਸ ਔਰਤ ਦੇ ਸਬੰਧ ਵਿਚ, ਸਾਨੂੰ ਕਹਿਣਾ ਪਵੇਗਾ ਕਿ *ਉਹਨੇ ਸੱਚੇ ਦਿਲੋਂ ਦੁਆ ਕੀਤੀ*। ਜਦ ਉਹਨੇ ਸੁਣਿਆ ਕਿ ਯਿਸੂ ਨੇੜੇ ਕਿਤੇ ਹੈ, ਤਾਂ ਉਹ ''ਝੱਟ'' (ਸਿੱਧੇ; ASV) ਯਿਸੂ ਕੋਲ ਗਈ ਅਤੇ ਸਿਜਦਾ ਕਰਨ ਲਈ ਉਹਦੇ ਅੱਗੇ ਡਿੱਗ ਪਈ ਅਤੇ ਆਪਣੀ ਬੇਟੀ ਲਈ ਮਿੰਨਤਾਂ ਕਰਨ ਲੱਗੀ (7:25)। ਅਸੀਂ ਨਹੀਂ ਜਾਣਦੇ ਕਿ ਉਹ ਕਿੰਨਾਂ ਚੱਲ ਕੇ ਗਈ ਸੀ। ਅਸੀਂ ਪੜ੍ਹਦੇ ਹਾਂ ਕਿ ਯਿਸੂ ਨੂੰ ਲੱਭਣ ਲਈ ''ਉਹ ਉਨ੍ਹਾਂ ਹੱਦਾਂ ਵਿੱਚੋਂ ਨਿੱਕਲ ਕੇ'' ਆਈ (ਮੱਤੀ 15:22; ASV)। ਉਹਦੇ ਲਈ

ਯਿਸੂ ਕੋਲ ਪਹੁੰਚਣ ਦਾ ਕੋਈ ਵੀ ਪੈਂਡਾ, ਬਹੁਤਾ ਲੰਮਾ ਨਹੀਂ ਹੋਣਾ ਸੀ।

ਊਹਦੇ ਅੱਗੇ ਤਰਲੇ ਪਾਉਂਦੀ ਹੋਈ ਉਹ ਡਡਿਆਪਈ, ''ਹੇ ਪ੍ਰਭੂ ਦਾਊਦ ਦੇ ਪੁੱਤਰ ਮੇਰੇ ਉੱਤੇ ਦਯਾ ਕਰੋ! ਮੇਰੀ ਧੀ ਦਾ ਬਦਰੂਹ ਦੇ ਸਾਯੇ ਨਾਲ ਬੁਰਾ ਹਾਲ ਹੈ'' (ਮੱਤੀ 15:22)। ਯਿਸੂ ਨਾਲ ਗੱਲਾਂ ਕਰਦਿਆਂ ਉਸ ਨੇ ਮਸੀਹਾ ਲਈ ਵਰਤੀ ਜਾਣ ਵਾਲੀ ਭਾਸ਼ਾ ਦੀ ਵਰਤੋਂ ਕੀਤੀ। ਉਹ ਮਿੰਨਤਾਂ ਕਰਦੀ ਰਹੀ: ''ਉਸ ਨੇ ਉਹਦੇ ਅੱਗੇ ਅਰਜ਼ ਕੀਤੀ ਜੋ ਤੁਸੀਂ ਮੇਰੀ ਧੀ ਵਿੱਚੋਂ ਭੂਤ ਨੂੰ ਕੱਢ ਦਿਓ'' (ਮਰਕੁਸ 7:26)।

ਦੁਆ ਦੇ ਸਬੰਧ ਵਿਚ ਮੱਤੀ 7:7 ਸਾਨੂੰ ਦੱਸਦਾ ਹੈ ਕਿ ਪਹਿਲਾਂ ਅਸੀਂ ''ਮੰਗੀਏ।'' ਸਿਰਫ਼ ਇਸ ਉੱਤੇ ਵਿਚਾਰ ਕਰਨਾ ਹੀ ਕਾਫ਼ੀ ਨਹੀਂ ਹੈ। ਦੁਆ ਬੁਨਿਆਦੀ ਤੌਰ ਤੇ ਖ਼ੁਦਾ ਤੋਂ ਉਸ ਦੀਆਂ ਬਰਕਤਾਂ ਨੂੰ ''ਮੰਗਣਾ'' ਹੈ। ਇਹਦੇ ਲਈ ਸਾਨੂੰ ਸਮਾਂ ਕੱਢਣਾ, ਮੰਗਣ ਵਿਚ ਜੋਸ਼ ਪਾਉਣਾ ਅਤੇ ਦੁਆ ਯਿਸੂ ਦੇ ਨਾਂਅ ਵਿਚ ਕਰਨਾ ਜ਼ਰੂਰੀ ਹੈ।

2. ਉਸ ਤਰੀਕੇ ਤੋਂ, ਜਿਸ ਨਾਲ *ਉਹ ਮਜ਼ਬੂਤੀ ਨਾਲ ਮੰਗਦੀ ਰਹੀ*, ਅਸੀਂ ਪ੍ਰਭਾਵਿਤ ਹੋਏ ਬਗੈਰ ਨਹੀਂ ਰਹਿ ਸਕਦੇ। ਇਸ ਔਰਤ ਨੇ ਹਾਰ ਨਹੀਂ ਮੰਨੀ। ਜੋ ਉਹਨੂੰ ਚਾਹੀਦਾ ਸੀ ਉਸ ਨੂੰ ਪਾਉਣ ਲਈ ਉਹ ਭਾਵੁਕ ਸੀ।

ਚੇਲਿਆਂ ਨੇ ''ਉਹਦੇ ਅੱਗੇ ਅਰਜ਼ ਕੀਤੀ ਭਈ ਉਸ ਨੂੰ ਵਿਦਿਆ ਕਰ ਕਿਉਂ ਜੋ ਉਹ ਸਾਡੇ ਮਗਰ ਡੰਡ ਪਾਉਂਦੀ ਹੈ'' (ਮੱਤੀ 15:23)। ਪ੍ਰਭੂ ਦੀ ਹਜ਼ੂਰੀ ਵਿਚ ਰਹਿਣ ਲਈ ਇਸ ਪਰੇਸ਼ਾਨ ਮਾਂ ਨੂੰ ਚੇਲਿਆਂ ਦੀ ਰੁਕਾਵਟ ਵਿੱਚੋਂ ਦੀ ਜਾਣਾ ਜ਼ਰੂਰੀ ਸੀ।

ਉਹਦੇ ਲਈ ਉਸ ਦਾ ਵੀ ਸਾਹਮਣਾ ਕਰਨਾ ਜ਼ਰੂਰੀ ਸੀ ਜੋ ਯਿਸੂ ਲਈ ਵੀ ਸੰਕੋਚ ਭਰਿਆ ਲੱਗਾ। ਪਹਿਲਾਂ ਤਾਂ, ਉਹ ਖਾਮੋਸ਼ ਰਿਹਾ। ਬਾਅਦ ਵਿਚ ਯਿਸੂ ਨੇ ਜਵਾਬ ਦਿੱਤਾ, ''ਮੈਂ ਇਸਰਾਏਲ ਦੇ ਪਰਿਵਾਰ ਦੀਆਂ ਗੁਆਚੀਆਂ ਹੋਈਆਂ ਭੇਡਾਂ ਦੇ ਬਿਨਾ ਹੋਰਨਾਂ ਕੋਲ ਨਹੀਂ ਘੱਲਿਆ ਗਿਆ'' (ਮੱਤੀ 15:23, 24)। ਪਰ ਉਹਦੀ ਖਾਮੋਸ਼ੀ ਅਤੇ ਆਪਣੇ ਮਿਸ਼ਨ ਬਾਰੇ ਉਸ ਦੀਆਂ ਟਿੱਪਣੀਆਂ ਤੋਂ ਉਸ ਦੀਆਂ ਬੇਨਤੀਆਂ ਹੋਰ ਵਧ ਗਈਆਂ। ਉਸ ਨੂੰ ਪਤਾ ਸੀ ਕਿ ਯਿਸੂ ਦਯਾਵਾਨ ਹੈ ਅਤੇ ਉਸ ਨੇ ਬੇਨਤੀਆਂ ਕਰਦੇ ਰਹਿਣ ਦਾ ਤਹੱਈਆ ਕੀਤਾ ਹੋਇਆ ਸੀ। ਕਿਸੇ ਤਰ੍ਹਾਂ ਉਸ ਨੂੰ ਪਤਾ ਲਗ ਗਿਆ ਹੋਵੇਗਾ ਕਿ ਯਿਸੂ ਚਾਹੁੰਦਾ ਹੈ ਕਿ ਉਹ ਅਜਿਹਾ ਕਰੇ।

ਫਿਰ ਯਿਸੂ ਨੇ ਉਸ ਨੂੰ ਆਖਿਆ, ''ਪਹਿਲਾਂ ਬਾਲਕਾਂ ਨੂੰ ਰੱਜ ਕੇ ਖਾਣ ਦਿਹ ਕਿਉਂ ਜੋ ਬਾਲਕਾਂ ਦੀ ਰੋਟੀ ਲੈ ਕੇ ਕਤੂਰਿਆਂ ਨੂੰ ਪਾਉਣੀ ਅੱਛੀ ਨਹੀਂ ਹੈ'' (ਮਰਕੁਸ 7:27)। ਜ਼ਾਹਿਰ ਹੈ ਕਿ ਇਸ ਔਰਤ ਨੇ ਯਿਸੂ ਦੇ ਜਵਾਬ ਨੂੰ ''ਨਾਂਹ'' ਨਹੀਂ ਮੰਨਿਆ। ਸ਼ਾਇਦ ਉਹ ਸਮਝ ਗਈ ਸੀ ਕਿ ਆਪਣੇ ਪ੍ਰੇਮ ਅਤੇ ਖੁੱਲ੍ਹਦਿਲੀ ਵਿਚ ਉਹ ਉਹਦੀ ਨਿਹਚਾ ਨੂੰ ਪਰਖ ਰਿਹਾ ਹੈ। ਉਹਦਾ ਜਵਾਬ ਨਰਮ ਅਤੇ ਮੁਲਾਇਮ ਸੀ: ''ਠੀਕ ਪ੍ਰਭੂ ਜੀ, ਕਤੂਰੇ ਭੀ ਤਾਂ ਮੇਜ਼ ਦੇ ਹੇਠ ਬਾਲਕਾਂ ਦੇ ਚੂਰੇ ਭੂਰੇ ਖਾਂਦੇ ਹਨ'' (7:28)। ਯਿਸੂ ਵਾਂਗ ਉਸ ਨੇ ਵੀ ਕਤੂਰੇ ਲਈ ਵਰਤਿਆ ਜਾਣ ਵਾਲਾ ਸ਼ਬਦ ਹੀ ਵਰਤਿਆ। ਉਹਦੇ ਕਹਿਣ ਦਾ ਮਤਲਬ ਸੀ ਕਿ ਮੇਜ਼ ਦੇ ਕੋਲ ਸਭ ਤੋਂ ਬੇਕਾਰ ਕਤੂਰਿਆਂ ਨੂੰ ਵੀ ਭੁੱਖੇ ਨਹੀਂ ਰਹਿਣ ਦਿੱਤਾ ਜਾਂਦਾ ਸੀ। ਉਨ੍ਹਾਂ ਨੂੰ ਉਡੀਕ ਕਰਨੀ ਪੈਂਦੀ ਸੀ ਪਰ ਅਖ਼ੀਰ ਵਿਚ ਉਨ੍ਹਾਂ ਨੂੰ ਚੂਰਾ ਭੂਰਾ ਮਿਲ ਹੀ ਜਾਂਦਾ ਸੀ। ਉਸ ਨੇ ਮੰਨਿਆ ਕਿ ਗੈਰਕੌਮ ਹੋਣ ਕਰਕੇ ਇਸ ਸਮੇਂ ਯਿਸੂ ਦੇ ਕੰਮ ਵਿਚ ਉਹ ਮਹੱਤਵਹੀਣ ਹੈ। ਸ਼ਾਇਦ ਉਹ ਇਸ ਗੱਲ ਨੂੰ ਸਮਝਦੀ ਸੀ ਕਿ ਗੈਰਕੌਮਾਂ ਨੂੰ ਉਡੀਕ ਕਰਨੀ ਪਵੇਗੀ, ਪਰ ਇਹਦੇ ਨਾਲ ਹੀ ਉਹਨੂੰ ਉਮੀਦ ਸੀ ਕਿ ਉਹਦੀ ਬੇਟੀ ਵਾਂਗ ਕਈਆਂ ਨੂੰ ਉਨ੍ਹਾਂ ਵਿੱਚੋਂ ਯਿਸੂ ਦੀ ਸੇਵਕਾਈ ਦੇ ਕੁਝ ਚੂਰ ਭੂਰ ਨਾਲ ਬਰਕਤ ਮਿਲ ਜਾਣੀ ਸੀ। ਕਿੰਨਾਂ ਜ਼ਬਰਦਸਤ ਵਿਸ਼ਵਾਸ ਸੀ ਉਸ ਦਾ!

3. ਅਸੀਂ ਇਸ ਤੱਥ ਤੋਂ ਪ੍ਰਭਾਵਿਤ ਹੁੰਦੇ ਹਾਂ ਕਿ *ਉਹ ਭਰੋਸਾ ਕਰਦੀ ਰਹੀ*। ਉਹਨੇ ਵਿਸ਼ਵਾਸ ਕਰਨਾ ਨਹੀਂ ਛੱਡਿਆ ਕਿ ਯਿਸੂ ਉਸ ਦੀ ਬੇਨਤੀ ਨੂੰ ਮੰਨ ਲਵੇਗਾ। ਉਹਨੂੰ ਦਲੇਰੀ ਨਹੀਂ ਦਿੱਤੀ ਗਈ

ਪਰ ਉਹਨੇ ਹਾਰ ਨਹੀਂ ਮੰਨੀ। ਉਹਦਾ ਵਿਸ਼ਵਾਸ ਉਹੀ ਸੀ ਜੋ ਦੂਜਿਆਂ ਨੇ ਯਿਸੂ ਬਾਰੇ ਉਸ ਨੂੰ ਦੱਸਿਆ ਸੀ ਕਿ ਉਹ ਕਿਰਪਾ ਕਰਨ ਵਾਲਾ ਹੈ, ਸਭ ਕੁਝ ਜਾਣਦਾ ਹੈ ਅਤੇ ਪ੍ਰੇਮ ਕਰਨ ਵਾਲਾ ਹੈ। ਵਿਸ਼ਵਾਸ ਦੀ ਆਪਣੀ ਨਜ਼ਰ ਨਾਲ ਉਸ ਨੇ ਉਸ ਸਭ ਤੋਂ ਅਤੇ ਯਿਸੂ ਦੀਆਂ ਗੱਲਾਂ ਨਾਲੋਂ ਅੱਗੇ ਵੇਖਿਆ ਜੋ ਚੇਲਿਆਂ ਨੇ ਆਖਿਆ ਅਤੇ ਕੀਤਾ।

ਇਸ ਔਰਤ ਨੇ ਅਸਲ ਵਿਸ਼ਵਾਸ ਦੀ ਆਮ ਪ੍ਰਤੀਕਿਰਿਆ ਵਿਖਾਈ। ਹਾਲਾਤ ਭਾਵੇਂ ਕਿੰਨੇ ਵੀ ਖ਼ਰਾਬ ਕਿਉਂ ਨਾ ਲਗ ਰਹੇ ਹੋਣ, ਸੰਭਾਵਨਾ ਭਾਵੇਂ ਕਿੰਨੀ ਵੀ ਘੱਟ ਕਿਉਂ ਨਾ ਹੋਵੇ, ਵਿਸ਼ਵਾਸ ਖ਼ੁਦਾ ਦੀ ਭਲਿਆਈ ਉੱਤੇ ਟਿਕਿਆ ਰਹਿੰਦਾ ਹੈ। ਇਸ ਔਰਤ ਦਾ ਯਿਸੂ ਦੀ ਸ਼ਕਤੀ ਵਿਚ, ਉਸ ਦੀ ਭਲਿਆਈ ਵਿਚ, ਅਤੇ ਉਸ ਦੀ ਵਫ਼ਾਦਾਰੀ ਵਿਚ ਵਿਸ਼ਵਾਸ ਸੀ। ਇਨ੍ਹਾਂ ਤਿੰਨਾਂ ਗੱਲਾਂ ਨੇ ਉਸ ਨੂੰ ਕਾਇਮ ਰੱਖਿਆ। ਹਾਲਾਤ ਦੇ ਬਾਵਜੂਦ ਉਹਨੇ ਵਿਸ਼ਵਾਸ ਕਰਨਾ ਨਹੀਂ ਛੱਡਿਆ।

ਨਿਚੋੜ: ਇਸ ਔਰਤ ਦੀ ਉਦਾਹਰਣ, ਦੁਆ ਦੇ ਸਾਡੇ ਸੰਕਲਪ ਨੂੰ ਚੁਣੌਤੀ ਦਿੰਦੀ ਹੈ। ਇਹ ਸਾਨੂੰ ਦੁਆ ਦੀਆਂ ਤਿੰਨ ਅਹਿਮ ਗੱਲਾਂ ਦੱਸਦੀ ਹੈ: ਮੰਗਣਾ, ਲੱਗੇ ਰਹਿਣਾ ਅਤੇ ਭਰੋਸਾ ਰੱਖਣਾ। ਭਲਾ ਖ਼ੁਦਾ ਸਾਡੀਆਂ ਦੁਆਵਾਂ ਦਾ ਜਵਾਬ ਹਮੇਸ਼ਾ ਸਾਡੀ ਉਮੀਦ ਦੇ ਮੁਤਾਬਿਕ ਦਿੰਦਾ ਹੈ? ਇਸ ਸਵਾਲ ਦਾ ਜਵਾਬ ''ਨਹੀਂ'' ਹੀ ਹੋਵੇਗਾ। ਜੇ ਉਹਦੇ ਦਿੰਦਾ ਤਾਂ ਸਾਡੇ ਵਿਸ਼ਵਾਸ ਨੂੰ ਲੱਗੇ ਰਹਿਣ ਅਤੇ ਭਰੋਸਾ ਕਰਨ ਵਾਲੇ ਹੋਣ ਦੀ ਲੋੜ ਨਹੀਂ ਹੋਣੀ ਸੀ। ਇਸ ਗੈਰਕੌਮ ਔਰਤ ਲਈ ਮੰਗਦੇ ਰਹਿਣਾ, ਲੱਗੇ ਰਹਿਣਾ ਅਤੇ ਭਰੋਸਾ ਰੱਖਣਾ ਜ਼ਰੂਰੀ ਸੀ। ਜੋ ਕਿ ਸਾਡੇ ਲਈ ਵੀ ਜ਼ਰੂਰੀ ਹੈ।

ਅਜਿਹਾ ਨਹੀਂ ਹੈ ਕਿ ਅਸੀਂ ਖ਼ੁਦਾ ਦੇ ਤਰੀਕਿਆਂ ਨੂੰ ਹਮੇਸ਼ਾ ਸਮਝ ਜਾਈਏ। ਅਸੀਂ ਇਸ ਗੱਲ ਤੇ ਖੁਸ਼ੀ ਕਰੀਏ ਕਿ ਉਸ ਨੇ ਸਾਡੇ ਉੱਤੇ ਕੁਝ ਸਚਿਆਈਆਂ ਪਰਗਟ ਕਰ ਦਿੱਤੀਆਂ ਹਨ। ਪਰ ਬਹੁਤ ਸਾਰੀਆਂ ਉਸ ਦੀਆਂ ਯੋਜਨਾਵਾਂ ਉਹਦੇ ਦਿਮਾਗ ਵਿਚ ਹੀ ਹਨ ਭਾਵ ਉਹ ਸਾਡੇ ਲਈ ਉਹਦੇ ਮੁਕਾਸ਼ਫ਼ੇ ਦਾ ਹਿੱਸਾ ਨਹੀਂ ਹਨ। ਜੇ ਉਹ ਸਾਡੇ ਉੱਤੇ ਆਪਣੇ ਕੁਝ ਉੱਚ ਤਰੀਕਿਆਂ ਨੂੰ ਜ਼ਾਹਿਰ ਕਰ ਦਿੰਦਾ ਤਾਂ ਸਾਨੂੰ ਉਹ ਸਮਝ ਵਿਚ ਨਹੀਂ ਆਉਣੇ ਸਨ।

ਅਸੀਂ ਖ਼ੁਦਾ ਅਤੇ ਮਸੀਹ ਵਿਚ ਭਰੋਸਾ ਰੱਖੀਏ। ਅਸੀਂ ਉਸ ਇਲਾਹੀ ਮੁਕਾਸ਼ਫ਼ੇ ਵਿਚ ਅਨੰਦ ਕਰੀਏ ਜਿਹੜਾ ਉਸ ਨੇ ਸਾਨੂੰ ਦਿੱਤਾ ਹੈ। ਉਸ ਦੇ ਮੁਕਾਸ਼ਫ਼ੇ ਦੇ ਹਰ ਉਸ ਹਿੱਸੇ ਨੂੰ ਜਿਸ ਨੂੰ ਅਸੀਂ ਸਮਝ ਸਕਦੇ ਹਾਂ, ਸਮਝਣ ਦੀ ਕੋਸ਼ਿਸ਼ ਕਰੀਏ। ਅਖ਼ੀਰ ਵਿਚ ਅਸੀਂ ਉਨ੍ਹਾਂ ਸੁਰਾਖਾਂ ਨੂੰ ਭਰਨ ਵਿਚ ਜਿਹੜੇ ਕਈ ਵਾਰ ਨਜ਼ਰ ਆਉਣਗੇ, ਆਪਣੇ ਮੁਕਤੀਦਾਤੇ ਤੇ ਭਰੋਸਾ ਰੱਖ ਕੇ ਨਿਹਚਾ ਅਤੇ ਹੁਕਮ ਮੰਨਣ ਦੀ ਰੌਸ਼ਨੀ ਵਿਚ ਚੱਲੀਏ।

ਯਿਸੂ ਦੀ ਸ਼ਖ਼ਸੀਅਤ ਉੱਤੇ ਇਕ ਝਾਤ (7: 31-37)

ਸੂਰ ਦੇ ਇਲਾਕੇ ਵਿੱਚੋਂ ਨਿੱਕਲ ਕੇ, ਯਿਸੂ ਸੈਦਾ ਵਿਚ ਗਲੀਲ ਦੀ ਝੀਲ ਦੇ ਉੱਤਰੀ ਕੰਢੇ ਵੱਲ ਗਿਆ ਅਤੇ ਨੀਵੇਂ ਇਲਾਕੇ ਦਿਕਾਪੁਲਿਸ ਵਿਚ ਆਇਆ। ਗਲੀਲ ਦੀ ਝੀਲ ਦੇ ਪੂਰਵੀ ਕੰਢੇ ਤੇ ਪਹਾੜਾਂ ਦੇ ਵਿਚਕਾਰ ਕਿਤੇ, ਸ਼ਾਇਦ ਅਰਾਮ ਕਰਨ ਅਤੇ ਉਸ ਥਾਂ ਤੇ ਆਪਣੀ ਸੇਵਕਾਈ ਲਈ ਬਣਾਈਆਂ ਗਈਆਂ ਆਪਣੀਆਂ ਯੋਜਨਾਵਾਂ ਤੇ ਵਿਚਾਰ ਕਰਨ ਲਈ ਉਹ ਬੈਠ ਗਿਆ। ਇਹ ਤੈਅ ਕਰ ਪਾਉਣਾ ਮੁਸ਼ਕਿਲ ਹੈ ਕਿ ਯਿਸੂ ਇਸ ਇਲਾਕੇ ਵਿਚ ਕਿੰਨੀ ਦੇਰ ਤਕ ਰਿਹਾ।

ਯਿਸੂ ਇਸ ਇਲਾਕੇ ਵਿਚ ਪਹਿਲਾਂ ਆਇਆ ਸੀ (ਮਰਕੁਸ 5: 1–20)। ਇੱਥੇ ਉਸ ਨੇ ਬਦਰੂਹਾਂ ਦੀ ਫ਼ੌਜ ਨੂੰ ਕੱਢਿਆ ਸੀ ਅਤੇ ਉਨ੍ਹਾਂ ਬਦਰੂਹਾਂ ਨੂੰ ਸੂਰਾਂ ਵਿਚ ਭਜਾ ਦਿੱਤਾ ਸੀ। ਭੂਤ ਚੰਬੜੇ ਆਦਮੀ ਨੂੰ ਚੰਗਿਆਈ ਦੇਣ ਤੋਂ ਬਾਅਦ ਯਿਸੂ ਨੇ ਉਹਨੂੰ ਉਸ ਇਲਾਕੇ ਵਿਚ ਲੋਕਾਂ ਨੂੰ ਇਹ ਦੱਸਣ ਲਈ ਘੱਲ ਦਿੱਤਾ ਸੀ ਕਿ ਯਿਸੂ ਨੇ ਉਹਨੂੰ ਕਿਵੇਂ ਚੰਗਾ ਕੀਤਾ ਹੈ। ਲਗਦਾ ਹੈ ਕਿ ਇਹ ਆਦਮੀ ਜਿਸਨੂੰ ਯਿਸੂ ਨੇ ਵਾਪਸ ਘੱਲਿਆ ਸੀ, ਬੜਾ ਮਸਰੂਫ਼ ਅਤੇ ਪ੍ਰਭਾਵਸ਼ਾਲੀ ਸੀ। ਜ਼ਾਹਿਰ ਹੈ ਕਿ ਉਹਦੇ ਪ੍ਰਚਾਰ ਕਰਨ

ਨਾਲ ਉੱਥੋਂ ਦੇ ਲੋਕ ਯਿਸੂ ਦੇ ਆਉਣ ਲਈ ਤਿਆਰ ਹੋ ਗਏ ਸਨ। ਉਨ੍ਹਾਂ ਨੇ ਯਿਸੂ ਦੇ ਪ੍ਰਤੀ ਆਪਣਾ ਰਵੱਈਆ ਬਦਲ ਲਿਆ ਸੀ ਅਤੇ ਕਈ ਤਾਂ ਕਿਸੇ ਖ਼ਾਸ ਬੰਦੇ ਨੂੰ ਚੰਗਿਆਈ ਦੁਆਉਣ ਲਈ ਉਹਦੇ ਕੋਲ ਲਿਆਉਣ ਦੇ ਮੌਕੇ ਦੀ ਤਲਾਸ਼ ਵਿਚ ਸਨ। ਉਹ ਆਦਮੀ ਬੋਲ਼ਾ ਸੀ ਅਤੇ ਬਿਨਾਂ ਹਕਲਾਏ ਬੋਲ ਨਹੀਂ ਸਕਦਾ ਸੀ; ਅਸੀਂ ਆਖ ਸਕਦੇ ਹਾਂ ਕਿ ਉਹ ਦੋਹਰੀ ਮੁਸੀਬਤ ਵਿਚ ਸੀ।

ਮਰਕੁਸ ਨੇ ਉਨ੍ਹਾਂ ਦੇ ਯਿਸੂ ਕੋਲ ਆਉਣ ਦਾ ਵਰਣਨ ਇਸ ਤਰ੍ਹਾਂ ਕੀਤਾ: ''ਲੋਕਾਂ ਨੇ ਇੱਕ ਬੋਲੇ ਨੂੰ ਜਿਹੜਾ ਥਥਲਾ ਵੀ ਸੀ ਉਹਦੇ ਕੋਲ ਲਿਆ ਕੇ ਉਹਦੀ ਮਿੰਨਤ ਕੀਤੀ ਜੋ ਉਸ ਉੱਤੇ ਆਪਣਾ ਹੱਥ ਰੱਖੇ'' (7:32) ਇਨ੍ਹਾਂ ਲੋਕਾਂ ਨੂੰ ਯਿਸੂ ਬਾਰੇ ਕੁਝ ਦੱਸਿਆ ਗਿਆ ਸੀ; ਅਤੇ ਉਨ੍ਹਾਂ ਨੂੰ ਯਕੀਨ ਸੀ ਕਿ ਜੇ ਯਿਸੂ ਇਸ ਆਦਮੀ ਉੱਤੇ ਹੱਥ ਰੱਖ ਦਏ ਤਾਂ ਉਹ ਚੰਗਾ ਹੋ ਜਾਵੇਗਾ।

ਯਿਸੂ ਨੇ ਝੱਟ ਉਨ੍ਹਾਂ ਦੀ ਬੇਨਤੀ ਮੰਨ ਲਈ। ਉਹਨੇ ਇਸ ਆਦਮੀ ਨੂੰ ਭੀੜ ਤੋਂ ਦੂਰ ਲਿਜਾ ਕੇ, ''ਆਪਣੀਆਂ ਉਂਗਲੀਆਂ ਉਹਦੇ ਕੰਨਾਂ ਵਿੱਚ ਦਿੱਤੀਆਂ ਅਤੇ ਥੁੱਕ ਕੇ ਉਹਦੀ ਜੀਭ ਛੋਹੀ ਅਤੇ ਆਕਾਸ਼ ਵੱਲ ਵੇਖ ਕੇ ਹਾਉਕਾ ਭਰਿਆ ਅਰ ਉਹਨੂੰ ਆਖਿਆ 'ਇੱਫ਼ਤਾ' ਅਰਥਾਤ 'ਖੁੱਲ੍ਹ ਜਾਹ''' (7:33, 34)।

ਇਹ ਮੋਅਜਜ਼ਾ ਸਾਫ਼ ਸੀ ਅਤੇ ਉੱਥੇ ਮੌਜੂਦ ਸਭ ਲੋਕਾਂ ਨੂੰ ਯਕੀਨ ਦੁਆਉਣ ਵਾਲਾ ਸੀ। ਮਰਕੁਸ 7:37 ਉਨ੍ਹਾਂ ਦੀ ਪ੍ਰਤੀਕਿਰਿਆ ਨੂੰ ਵਿਖਾਉਂਦਾ ਹੈ, ''ਅਤੇ ਲੋਕ ਡਾਢੇ ਹੈਰਾਨ ਹੋ ਕੇ ਬੋਲੇ ਕਿ ਉਹਨੇ ਸੱਭੋ ਕੁਝ ਅੱਛਾ ਕੀਤਾ ਹੈ! ਉਹ ਬੋਲਿਆਂ ਨੂੰ ਸੁਣਨ ਅਤੇ ਗੁੰਗਿਆਂ ਨੂੰ ਬੋਲਣ ਦੀ ਸ਼ਕਤੀ ਦਿੰਦਾ ਹੈ!'' ਉਨ੍ਹਾਂ ਦੀ ਹੈਰਾਨਗੀ ਤਾਰੀਫ਼ ਅਤੇ ਵਡਿਆਈ ਵਿਚ ਬਦਲ ਗਈ।

ਇੰਜੀਲ ਦੇ ਚਾਰੇ ਵਿਰਤਾਂਤਾਂ ਦੇ ਤਕਰੀਬਨ ਚੌਂਤੀ ਮੋਅਜਜ਼ਿਆਂ ਵਿੱਚੋਂ ਇਸ ਆਦਮੀ ਦੇ ਬੋਲੇਪਨ ਅਤੇ ਹਕਲਾਉਣ ਦੀ ਚੰਗਿਆਈ ਅਤੇ 8:22–26 ਵਿਚ ਅੰਨ੍ਹੇ ਦੀ ਚੰਗਿਆਈ ਦੇ ਸਿਰਫ਼ ਦੋ ਮੋਅਜਜ਼ੇ ਮਰਕੁਸ ਵਿਚ ਨਿਰਾਲੇ ਹਨ। ਦੋਹਾਂ ਦੇ ਆਪੋ ਆਪਣੇ ਅਨੋਖੇ ਪਹਿਲੂ ਹਨ। ਇਸ ਮੋਅਜਜ਼ੇ ਵਿਚ ਇਸ਼ਾਰਿਆਂ ਵਿਚ ਗੱਲ ਕਰਨ ਦੀ ਗੱਲ ਹੋ ਸਕਦੀ ਹੈ ਜਦਕਿ ਅਧਿਆਇ 8 ਵਾਲੇ ਅੰਨ੍ਹੇ ਦੀ ਚੰਗਿਆਈ ਚਰਣਾਂ ਵਿਚ ਹੋਈ।

ਸਾਨੂੰ ਯਾਦ ਰੱਖਣਾ ਪਵੇਗਾ ਕਿ ਇਸ ਚੰਗਿਆਈ ਵਿਚ ਖਿੱਚ ਦਾ ਕਾਰਣ ਚੰਗਾ ਹੋਣ ਵਾਲਾ ਆਦਮੀ ਨਹੀਂ ਬਲਕਿ ਯਿਸੂ ਹੈ। ਮੋਅਜਜ਼ਿਆਂ ਦੇ ਇਹ ਵੇਰਵੇ ਯਿਸੂ ਨੂੰ ਵਡਿਆਈ ਦੇਣ ਅਤੇ ਕਲੀਸੀਆ ਨੂੰ ਉਸ ਦੀ ਪਛਾਣ ਦੀ ਸਪੱਸ਼ਟ ਸਮਝ ਦੇਣ ਲਈ ਲਿਖੇ ਗਏ ਸਨ। ਮਰਕੁਸ ਵਿਚ ਦਰਜ ਹਰ ਘਟਨਾ ਵਿਚ ਸਾਨੂੰ ਮਸੀਹਾ ਦੇ ਸੁਭਾਅ ਦੇ ਗੁਣਾਂ ਨਾਲ ਸਬੰਧਿਤ ਅਰਥ ਦੇ ਨਵੇਂ ਰੰਗ ਮਿਲਦੇ ਹਨ। 7:31–37 ਵਿਚ ਬੋਲ਼ੇ ਅਤੇ ਥਥਲੇ ਆਦਮੀ ਦੀ ਚੰਗਿਆਈ ਦਾ ਇਹ ਦ੍ਰਿਸ਼ ਮਸੀਹ ਦੇ ਖ਼ੁਦਾ ਹੋਣ ਦੀ ਪੂਰੀ ਤਸਵੀਰ ਵਿਖਾਉਣ ਵਿਚ ਸਾਡੀ ਮਦਦ ਕਰਨ ਵਿਚ ਆਪਣਾ ਯੋਗਦਾਨ ਦਿੰਦਾ ਹੈ। ਖ਼ਾਸ ਤੌਰ ਤੇ ਇਹ ਸਾਨੂੰ ਮਸੀਹ ਦੀ ਸ਼ਖ਼ਸੀਅਤ ਨੂੰ ਸਮਝਣ ਵਿਚ ਮਦਦ ਕਰਦਾ ਹੈ।

1. ਵਿਰਤਾਂਤ ਦੇ ਸ਼ੁਰੂ ਵਿਚ, ਯਿਸੂ ਨੂੰ *ਪ੍ਰੇਮੀ ਪ੍ਰਭੂ* ਦੇ ਰੂਪ ਵਿਚ ਵਿਖਾਇਆ ਗਿਆ ਹੈ ਜਿਹੜਾ ਈਰਖਾ ਨਹੀਂ ਰੱਖਦਾ। ਯਿਸੂ ਜਦੋਂ ਪਿਛਲੀ ਵਾਰ ਦਿਕਾਪੁਲਿਸ ਦੇ ਇਲਾਕੇ ਵਿਚ ਆਇਆ ਸੀ, ਤਾਂ ਉਸ ਨੂੰ ਉੱਥੋਂ ਜਾਣਾ ਪਿਆ ਸੀ। ਲੋਕਾਂ ਨੇ ਉਸ ਨੂੰ ਚਲੇ ਜਾਣ ਲਈ ਆਖਿਆ ਸੀ, ਕਿਉਂ ਜੋ ਉਹ ਉਸ ਤੋਂ ਡਰ ਗਏ ਸਨ ਜਾਂ ਉਨ੍ਹਾਂ ਨੇ ਉਸ ਨੂੰ ਬਦਰੂਹਾਂ ਨੂੰ ਸੂਰਾਂ ਦੇ ਝੁੰਡ ਵਿਚ ਘੱਲ ਕੇ ਤਬਾਹ ਕਰਨ ਕਰਕੇ ਭਜਾ ਦਿੱਤਾ ਸੀ, ਇਸ ਦੇ ਕੋਈ ਮਾਇਨੇ ਨਹੀਂ ਹਨ। ਉਨ੍ਹਾਂ ਨੇ ਉਸ ਨੂੰ ਉਨ੍ਹਾਂ ਦੇ ਇਲਾਕੇ ਵਿੱਚੋਂ ਚਲੇ ਜਾਣ ਦੀ ਬੇਨਤੀ ਕੀਤੀ। ਯਕੀਨਨ ਚਲੇ ਜਾਣ ਦੀਆਂ ਇਨ੍ਹਾਂ ਬੇਨਤੀਆਂ ਨਾਲ ਯਿਸੂ ਦਾ ਮਨ ਦੁਖੀ ਹੋਇਆ। ਉਹ ਉਨ੍ਹਾਂ ਦੇ ਇਲਾਕੇ ਵਿਚ ਕਿਉਂ ਆਇਆ ਸੀ? ਉਹ ਅਸਲ ਜ਼ਿੰਦਗੀ ਲੈ ਕੇ ਆਇਆ ਸੀ। ਉਹਨੇ ਪਿਤਾ ਵੱਲੋਂ ਉਨ੍ਹਾਂ ਨੂੰ ਸਚਿਆਈ ਦੇਣ ਲਈ ਸੁਰਗ ਤੋਂ ਮਿਲੀ ਆਪਣੀ ਸੇਵਕਾਈ ਲਈ ਸਮਾਂ ਕੱਢਿਆ ਸੀ। ਅਜਿਹੀ ਬਰਕਤ ਦੁਨੀਆਂ ਦੇ ਸਿਰਫ਼ ਕੁਝ ਥਾਂਵਾਂ ਤੇ ਲੋਕਾਂ ਨੂੰ ਮਿਲੀ, ਪਰ ਉਨ੍ਹਾਂ ਨੇ ਇਸ ਦਾ ਕੀ ਕੀਤਾ? ਉਨ੍ਹਾਂ ਨੇ ਯਿਸੂ ਨੂੰ ਆਪਣੇ ਇਲਾਕੇ ਵਿੱਚੋਂ ਚਲੇ ਜਾਣ ਲਈ ਆਖਿਆ। ਜੋ

ਕੁਝ ਉਹ ਉਨ੍ਹਾਂ ਨੂੰ ਦੇਣਾ ਚਾਹੁੰਦਾ ਸੀ ਉਹਦੀ ਉਹ ਗੱਲ ਵੀ ਨਹੀਂ ਸੁਣਨਾ ਚਾਹੁੰਦੇ ਸਨ।

ਜੋ ਕੁਝ ਉਨ੍ਹਾਂ ਨੇ ਯਿਸੂ ਨਾਲ ਕੀਤਾ ਉਹਦੇ ਬਾਰੇ ਯਿਸੂ ਦਾ ਕੀ ਰਵੱਈਆ ਸੀ? ਭਲਾ ਉਹਨੇ ਆਪਣੇ ਮਨ ਵਿਚ ਆਖਿਆ, ''ਮੈਂ ਦੁਬਾਰਾ ਕਦੇ ਇਸ ਖ਼ਰਾਬ ਥਾਂ ਤੇ ਨਹੀਂ ਜਾਵਾਂਗਾ। ਉਨ੍ਹਾਂ ਨੇ ਉਸ ਸੁਰਗੀ ਦਾਨ ਨੂੰ ਜਿਹੜਾ ਮੈਂ ਉਨ੍ਹਾਂ ਲਈ ਲੈ ਕੇ ਆਇਆ ਹਾਂ, 'ਨਾਂਹ' ਜੋ ਕਹਿ ਦਿੱਤੀ। ਮੈਂ ਉਨ੍ਹਾਂ ਨੂੰ ਓਸੇ ਬੁਰਿਆਈ ਵਿਚ ਪਾ ਦਿਆਂਗਾ ਜਿਹੜੀ ਉਨ੍ਹਾਂ ਨੇ ਆਪਣੇ ਲਈ ਚੁਣੀ ਹੈ''? ਨਹੀਂ। ਉਹਦੀ ਸੇਵਕਾਈ ਦੇ ਇਸ ਹਿੱਸੇ ਦੌਰਾਨ ਜੋ ਕੁਝ ਹੋਇਆ, ਉਹਦੇ ਬਾਰੇ ਭਾਵੇਂ ਸਾਨੂੰ ਬਹੁਤਾ ਤਾਂ ਨਹੀਂ ਪਤਾ ਸੀ, ਪਰ ਸਾਨੂੰ ਐਨਾ ਪਤਾ ਹੈ ਕਿ ਉਹ ਦਿਕਾਪੁਲਿਸ ਵਿਚ ਫੇਰ ਤੋਂ ਗਿਆ। ਸਾਨੂੰ ਇਹ ਵੀ ਪਤਾ ਹੈ ਕਿ ਉਹਦੇ ਅੱਗੇ ਇਸ ਆਦਮੀ ਨੂੰ ਚੰਗਾ ਕਰਨ ਦੀ ਬੇਨਤੀ ਕੀਤੀ ਗਈ ਅਤੇ ਉਸ ਨੇ ਖੁਸ਼ੀ ਨਾਲ ਉਹ ਚਮਤਕਾਰ ਕਰ ਦਿੱਤਾ ਜਿਹੜਾ ਕਰਨ ਦੀ ਉਹਦੇ ਅੱਗੇ ਬੇਨਤੀ ਕੀਤੀ ਗਈ ਸੀ।

2. ਬਾਈਬਲ ਵਿਚ ਜਿਵੇਂ ਜਿਵੇਂ ਮੋਅਜਜ਼ੇ ਦੀ ਗੱਲ ਅੱਗੇ ਵਧਦੀ ਹੈ ਯਿਸੂ ਨੂੰ, *ਨਰਮ ਮਸੀਹ, ਜਿਹੜਾ ਲੋਕਾਂ ਦੀ ਸੇਵਾ ਕਰਨ ਵਿਚ ਕਦੇ ਸਖ਼ਤ ਨਹੀਂ ਸੀ* ਦੇ ਰੂਪ ਵਿਚ ਵਿਖਾਇਆ ਗਿਆ ਹੈ। ਯਿਸੂ ਨੇ ਇਸ ਆਦਮੀ ਦੇ ਪ੍ਰਤੀ ਕਿਵੇਂ ਕੰਮ ਕੀਤਾ? ਇਹ ਆਦਮੀ ਉਸ ਨੂੰ ਸੁਣ ਨਹੀਂ ਸਕਦਾ ਸੀ। ਉਹ ਯਿਸੂ ਨਾਲ ਸਾਫ਼ ਗੱਲ ਨਹੀਂ ਕਰ ਸਕਦਾ ਸੀ। ਯਿਸੂ ਉਹਦੇ ਨਾਲ ਕਿਵੇਂ ਪੇਸ਼ ਆਇਆ?

ਬਾਈਬਲ ਦੱਸਦੀ ਹੈ ਕਿ ਯਿਸੂ ਇਸ ਆਦਮੀ ਨੂੰ ਭੀੜ ਤੋਂ ਦੂਰ ਇਕਾਂਤ ਵਿਚ ਲੈ ਗਿਆ। ਇਹ ਸੋਚ ਵਿਚਾਰ ਕਰਨ ਅਤੇ ਉਸ ਆਦਮੀ ਦੇ ਭੀੜ ਵਿਚ ਪਰੇਸ਼ਾਨ ਹੋਣ ਦੀ ਉਸ ਦੀ ਜਾਣਕਾਰੀ ਨੂੰ ਵਿਖਾਉਂਦਾ ਹੈ।

ਇਸ ਤੋਂ ਇਲਾਵਾ ਯਿਸੂ ਨੇ ਉਹਦੇ ਨਾਲ ਨਿੱਜੀ ਤੌਰ ਤੇ ਨਰਮਾਈ ਵਾਲਾ ਵਿਹਾਰ ਕੀਤਾ, ਸ਼ਾਇਦ ਉਸ ਨੂੰ ਇਹ ਸਮਝਾਉਣ ਲਈ ਕਿ ਉਸ ਨੇ ਉਹਦੇ ਲਈ ਕੀ ਯੋਜਨਾ ਬਣਾਈ ਹੈ। ਯਿਸੂ ਨੇ ਉਸ ਆਦਮੀ ਦੇ ਕੰਨਾਂ ਵਿਚ ਆਪਣੀਆਂ ਉਂਗਲਾਂ ਪਾਈਆਂ, ਸੰਭਵ ਤੌਰ ਤੇ ਉਸ ਨੂੰ ਇਹ ਦੱਸਣ ਲਈ ਕਿ ਉਹ ਉਹਦੇ ਕੰਨਾਂ ਨੂੰ ਠੀਕ ਕਰਨ ਵਾਲਾ ਹੈ। ਉਹ ਉਸ ਨੂੰ ਇਹ ਬੋਲ ਕੇ ਦੱਸ ਨਹੀਂ ਸਕਦਾ ਸੀ, ਜਿਸ ਕਰਕੇ ਉਸ ਨੇ ਆਪਣੀਆਂ ਉਂਗਲਾਂ ਨਾਲ ਉਸ ਨੂੰ ਵਿਖਾ ਦਿੱਤਾ।

ਇਸ ਤੋਂ ਇਲਾਵਾ ਯਿਸੂ ਨੇ ਉਸ ਨੂੰ ਇਹ ਦੱਸਣ ਲਈ ਕਿ ਉਹ ਉਹਦੀ ਜੀਭ ਨੂੰ ਵੀ ਠੀਕ ਕਰ ਦਏਗਾ, ਉਸ ਦੀ ਜੀਭ ਨੂੰ ਹੌਲ਼ੀ ਜਿਹੀ ਛੂਹਿਆ। ਭਲਾ ਇਹ ਹੋ ਸਕਦਾ ਹੈ ਕਿ ਯਿਸੂ ਨੇ *ਇੱਫ਼ਤਾ* ਬੋਲਦੇ ਹੋਏ ਜੋ ਕਿ ਇਬਰਾਨੀ ਭਾਸ਼ਾ ਵਿਚ ''ਖੁੱਲ੍ਹ ਜਾ'' ਦਾ ਹੁਕਮ ਹੈ, ਉਹਦੀ ਜੀਭ ਉੱਤੇ ਆਪਣੇ ਅੰਗੂਠੇ ਰੱਖਦੇ ਹੋਏ ਉਹਦੇ ਕੰਨਾਂ ਵਿਚ ਆਪਣੀਆਂ ਉਂਗਲਾਂ ਰੱਖੀਆਂ ਹੋਣਗੀਆਂ? ਭਾਵੇਂ ਬਾਈਬਲ ਦੱਸਦੀ ਹੈ ਕਿ ਯਿਸੂ ਨੇ ''ਥੁੱਕਿਆ'' ਪਰ ਥੁੱਕਣ ਬਾਰੇ ਕੁਝ ਖੋਲ੍ਹ ਕੇ ਨਹੀਂ ਦੱਸਦੀ। 7:33 ਵਿਚ NASB ਵਿਚ ''ਰਾਲ ਨਾਲ'' ਸ਼ਬਦ ਜੋੜੇ ਗਏ ਹਨ। ਇਹ ਵਿਖਾਉਣ ਲਈ ਕਿ ਇਹ ਸ਼ਬਦ ਮੂਲ ਲਿਖਤ ਵਿਚ ਨਹੀਂ ਸਨ, ਇਨ੍ਹਾਂ ਨੂੰ ਤਿਰਛੇ ਰੱਖਿਆ ਗਿਆ ਹੈ। ਸਾਨੂੰ ਨਹੀਂ ਪਤਾ ਕਿ ਯਿਸੂ ਨੇ ਥੁੱਕ ਨਾਲ ਕੀ ਕੀਤਾ। ਜੋ ਵੀ ਕੀਤਾ ਹੋਵੇ ਇਹ ਦ੍ਰਿਸ਼ ਦਿਆਲਤਾ ਦਾ ਹੈ, ਜਿਵੇਂ ਕਿ ਸਾਨੂੰ ਵੱਡੇ ਵੈਦ ਤੋਂ ਉਮੀਦ ਹੋਵੇਗੀ।

ਯਿਸੂ ਦੀ ਸ਼ਖ਼ਸੀਅਤ ਕਿਹੋ ਜਿਹੀ ਸੀ? ਉਸ ਆਦਮੀ ਨੂੰ ਜਿਸਨੂੰ ਉਸ ਨੇ ਚੰਗਾ ਕੀਤਾ ਕਿਸੇ ਹੋਰ ਤਰੀਕੇ ਨਾਲ ਵੀ ਚੰਗਾ ਕਰ ਸਕਦਾ ਸੀ। ਉਸ ਨੇ ਅਜਿਹਾ ਕਰਨਾ ਇਸ ਲਈ ਚੁਣਿਆ ਕਿਉਂ ਜੋ ਇਹ ਲੋਕਾਂ ਦੀ ਪ੍ਰਤੀ ਨਰਮਾਈ ਵਾਲੀ ਉਹਦੀ ਸ਼ਖ਼ਸੀਅਤ ਨਾਲ ਮੇਲ ਖਾਂਦਾ ਹੈ। ਉਹਨੇ ਕਦੇ ਕੋਈ ਕੰਮ ਲਾਪਰਵਾਹੀ ਨਹੀਂ ਕੀਤਾ। ਉਹਨੇ ਹਮੇਸ਼ਾ ਆਪਣੇ ਤਰੀਕੇ ਨੂੰ ਉਸ ਸੰਦੇਸ਼ ਦਾ ਹਿੱਸਾ ਬਣਾਇਆ ਜਿਹੜਾ ਉਸ ਖ਼ੁਦਾ ਦੇ ਸੁਭਾਅ ਬਾਰੇ ਅਤੇ ਇਸ ਬਾਰੇ ਕਿ ਉਹ ਕਿਹੋ ਜਿਹਾ ਮੁਕਤੀਦਾਤਾ ਸੀ, ਲੋਕਾਂ ਨੂੰ ਦੱਸਣਾ ਚਾਹ ਰਿਹਾ ਸੀ।

ਯਿਸੂ ਉਹ ਮਸੀਹ ਹੈ ਜਿੰਨ੍ਹੇ ਬੱਚਿਆਂ ਨੂੰ ਗੋਦ ਵਿਚ ਲੈ ਕੇ ਉਨ੍ਹਾਂ ਨੂੰ ਬਰਕਤ ਦਿੱਤੀ (ਮਰਕੁਸ 10:16)। ਉਹ ਉਹ ਮਸੀਹ ਹੈ ਜਿਹਨੇ ਆਪਣਾ ਹੱਥ ਬਾਰਾਂ ਵਰ੍ਹਿਆਂ ਦੀ ਮਰੀ ਹੋਈ ਕੁੜੀ ਦੇ ਹੱਥ

ਤੇ ਰੱਖਿਆ ਅਤੇ ਆਖਿਆ, ''ਕੁੜੀਏ ਉੱਠ!'' (ਲੂਕਾ 8:54)। ਉਹ ਉਹ ਮਸੀਹ ਹੈ ਜਿਸਨੇ ਇਸ ਆਦਮੀ ਨੂੰ ਪ੍ਰੇਮ ਨਾਲ ਇਕ ਪਾਸੇ ਲਿਜਾ ਕੇ ਉਸ ਨੂੰ ਛੂਹਿਆ, ਤਾਂ ਜੋ ਉਹਨੂੰ ਸਮਝ ਵਿਚ ਆ ਸਕੇ ਕਿ ਉਹਦੇ ਨਾਲ ਕੀ ਹੋ ਰਿਹਾ ਹੈ। ਹਾਂ ਉਹ ਸਰਵਸ਼ਕਤੀਮਾਨ ਮਸੀਹ ਹੈ, ਪਰ ਉਹਦਾ ਇਕ ਮਨ ਵੀ ਹੈ ਜਿਹੜਾ ਤਰਸ, ਦਯਾ ਅਤੇ ਕੋਮਲਤਾ ਦਾ ਪ੍ਰਤੀਕ ਹੈ।

3. ਇਸ ਦ੍ਰਿਸ਼ ਵਿਚ ਅਸੀਂ ਇਹ ਵੀ ਵੇਖਦੇ ਹਾਂ ਕਿ ਯਿਸੂ ਨੂੰ *ਸੁਰਗ ਤੋਂ ਆਇਆ ਵੱਖਰਾ ਵਿਅਕਤੀ ਨਹੀਂ ਬਲਕਿ ਹਮਦਰਦੀ ਰੱਖਣ ਵਾਲਾ ਮੁਕਤੀਦਾਤਾ* ਵਿਖਾਇਆ ਗਿਆ ਹੈ। ਇਸ ਆਦਮੀ ਦੀ ਚੰਗਿਆਈ ਲਈ ਦੁਆ ਕਰਨ ਵਾਸਤੇ ਅਸਮਾਨ ਵੱਲ ਉੱਪਰ ਵੇਖਣ ਵੇਲੇ ਯਿਸੂ ਨੇ ''ਹੌਕਾ ਭਰਿਆ''(ਮਰਕੁਸ 7:34)। ਯੂਨਾਨੀ ਭਾਸ਼ਾ ਵਿਚ ਸ਼ਬਦ ਮਜ਼ਬੂਤ ਹੈ ਜਿਹੜਾ ਸਿਰਫ਼ ਮਰਕੁਸ ਵਿਚ ਇੱਥੇ ਹੀ ਵਰਤਿਆ ਗਿਆ ਹੈ। ਇਹਦਾ ਅਨੁਵਾਦ ''ਡਾਡ ਮਾਰੀ'' ਹੋ ਸਕਦਾ ਹੈ। ਯਿਸੂ ਇਸ ਆਦਮੀ ਵਾਂਗ ਦੁਖੀ ਲੋਕਾਂ ਦਾ ਧਿਆਨ ਧਰ ਕੇ ਆਪਣੇ ਮਨ ਦੀ ਤਕਲੀਫ਼ ਨੂੰ ਜ਼ਾਹਿਰ ਕਰ ਰਿਹਾ ਹੋ ਸਕਦਾ ਹੈ।

ਅਸੀਂ ਯਿਸੂ ਨੂੰ ਇਸ ਆਦਮੀ ''ਦੇ ਨਾਲ ਮਹਿਸੂਸ ਕਰਨ ਵਾਲੇ'' ਦੇ ਰੂਪ ਵਿਚ ਵੇਖ ਸਕਦੇ ਹਾਂ। ਇਹ ਤਾਂ ਇਵੇਂ ਸੀ ਜਿਵੇਂ ਯਿਸੂ ਨੇ ਉਸ ਆਦਮੀ ਦੇ ਮਨ ਵਿਚ ਜਾ ਕੇ ਉਹਦੀ ਤਕਲੀਫ਼, ਪਰੇਸ਼ਾਨੀ, ਅਤੇ ਬੇਚੈਨੀ ਨੂੰ ਆਪਣੇ ਉੱਤੇ ਲੈ ਲਿਆ। ਮਨੁੱਖ ਦੇ ਸੀਨੇ ਵਿਚ ਧੜਕ ਰਿਹਾ ਯਿਸੂ ਦਾ ਸਿੱਧ ਦਿਲ ਸਭ ਤੋਂ ਸੰਵੇਦਨਸ਼ੀਲ, ਤਰਸ ਕਰਨ ਵਾਲਾ ਅਤੇ ਦੁਨੀਆਂ ਦਾ ਸਭ ਤੋਂ ਨਰਮ ਦਿਲ ਸੀ।

ਨਿਚੋੜ: ਯਿਸੂ ਮਸੀਹਾ ਦੀ ਸ਼ਖ਼ਸੀਅਤ ਉਸ ਸਭ ਤੋਂ ਜਿਹਦੀ ਸਾਡੇ ਮਨ ਕਲਪਨਾ ਕਰ ਸਕਦੇ ਹਨ, ਦਿਲਕਸ਼ ਹੈ। ਇਸ ਮੋਅਜਜ਼ੇ ਦੀ ਕਹਾਣੀ ਯਿਸੂ ਦੀ ਸਮਰੱਥਾ ਦੀ ਓਨੀ ਨਹੀਂ ਹੈ (ਭਾਂਵੇਂ ਉਸ ਨੂੰ ਸਾਫ਼-ਸਾਫ਼ ਵਿਖਾਇਆ ਗਿਆ ਹੈ) ਜਿੰਨੀ ਇਹ ਯਿਸੂ ਦੀ ਸ਼ਖ਼ਸੀਅਤ ਅਤੇ ਉਸ ਦੇ ਦਿਲ ਦੀ ਹੈ। ਕਿਹੜਾ ਹੋਵੇਗਾ ਜਿਹੜਾ ਉਹਦੇ ਦਿਲ ਨੂੰ ਵੇਖ ਕੇ ਉਸ ਤੋਂ ਪ੍ਰਭਾਵਿਤ ਨਾ ਹੋ ਸਕੇ?

ਯਿਸੂ ਦੀ ਸ਼ਖ਼ਸੀਅਤ ਅਤੇ ਉਸ ਦੀ ਸ਼ਕਤੀ ਦੋਵੇਂ ਨਾਲ-ਨਾਲ ਚੱਲਦੇ ਹਨ। ਜਦੋਂ ਅਸੀਂ ਉਸ ਦੀ ਸਿੱਧ ਜਾਂ ਕਾਮਲ ਸ਼ਖ਼ਸੀਅਤ ਨੂੰ ਵੇਖਦੇ ਹਾਂ ਤਾਂ ਸਾਨੂੰ ਕਹਿਣਾ ਪੈਂਦਾ ਹੈ, ''ਇਹ ਕੌਣ ਹੈ? ਇਹੋ ਜਿਹਾ ਦਿਲ ਕਿਸ ਦਾ ਹੋ ਸਕਦਾ ਹੈ?'' ਫਿਰ ਸਾਡੇ ਦਿਮਾਗ ਆਪਣੇ ਜਵਾਬ ਲਈ ਉਸ ਦੀ ਸ਼ਕਤੀ ਵੱਲ ਮੁੜਦੇ ਹਨ ਜੋ ਆਖਦੀ ਹੈ, ''ਉਹ ਖ਼ੁਦਾ ਵੱਲੋਂ ਘੱਲੇ ਗਏ ਮਸੀਹ ਤੋਂ ਛੁੱਟ ਕੋਈ ਹੋਰ ਨਹੀਂ ਹੈ।''

ਇਸ ਦਾ ਉਲਟਾ ਵੀ ਸਹੀ ਹੈ। ਜਦੋਂ ਅਸੀਂ ਉਸ ਦੀ ਸ਼ਕਤੀ ਨੂੰ ਵੇਖਦੇ ਹਾਂ ਤਾਂ ਇਹ ਪੁੱਛਣ ਲਈ ਮਜਬੂਰ ਹੋ ਜਾਂਦੇ ਹਾਂ, ਕਿ ਇਹ ਸਰਵਸ਼ਕਤੀਮਾਨ ਕੌਣ ਹੈ ਜਿਸਨੇ ਤੂਫ਼ਾਨ ਨੂੰ ਥੰਮ੍ਹ ਦਿੱਤਾ ਅਤੇ ਮੁਰਦਿਆਂ ਨੂੰ ਜ਼ਿੰਦਾ ਕਰ ਦਿੱਤਾ?'' ਉਹਦੇ ਚਿਹਰੇ ਨੂੰ ਵੇਖਦੇ ਹੋਏ ਸਾਨੂੰ ਜਵਾਬ ਦੇਣਾ ਪਵੇਗਾ, ''ਇਹ ਪ੍ਰੇਮ, ਕਿਰਪਾ ਤਰਸ ਦਾ ਉਹ ਇਜ਼ਹਾਰ ਹੈ ਜਿਸਨੂੰ ਖ਼ੁਦਾ ਨੇ ਦੁਨੀਆਂ ਵਿਚ ਘੱਲਿਆ ਹੈ।''

ਯਿਸੂ ਦੀ ਸ਼ਕਤੀ ਸਾਨੂੰ ਇਕੱਲਿਆਂ ਨਹੀਂ ਬਚਾ ਸਕਦੀ, ਕਿਉਂ ਜੋ ਨਿਰੀ ਸ਼ਕਤੀ ਨੇ ਉਸ ਨੂੰ ਸਲੀਬ ਤਕ ਨਹੀਂ ਲਿਜਾਣਾ ਸੀ। ਦਿਆਲਤਾ, ਪ੍ਰੇਮ ਅਤੇ ਤਰਸ ਦੀ ਉਸ ਦੀ ਸ਼ਖ਼ਸੀਅਤ ਨੇ ਸਰਵਸ਼ਕਤੀਮਾਨ ਨੂੰ ਚਲਾਇਆ ਅਤੇ ਸਾਡੇ ਪਾਪ ਦੇ ਪ੍ਰਾਸਚਿਤ ਦੀ ਕੁਰਬਾਨੀ ਬਣਨ ਲਈ ਸਲੀਬ ਤਕ ਜਾਣ ਲਈ ਮਜਬੂਰ ਕੀਤਾ (ਵੇਖੋ ਯੂਹੰਨਾ 10:11-18)।

ਟਿੱਪਣੀਆਂ

[1]ਸ਼ਰ੍ਹਾ ਦੇ ਚੰਗੇ ਜਾਣਕਾਰ ਹੋਣ ਕਰਕੇ ਬਹੁਤ ਸਾਰੇ ਗ੍ਰੰਥੀਆਂ ਅਤੇ ਫ਼ਰੀਸੀਆਂ ਨੂੰ ''ਸ਼ਰ੍ਹਾ ਦੇ ਸਿਖਲਾਉਣ ਵਾਲੇ'' (ਵੇਖੋ ਮੱਤੀ 22:35; ਲੂਕਾ 7:30; 10:25; 11:45; 14:3) ਅਤੇ ''ਤੁਰੇਤ/ਸ਼ਰ੍ਹਾ ਦੇ ਪੜ੍ਹਾਉਣ ਵਾਲੇ'' (ਲੂਕਾ 5:17; ਰਸੂਲਾਂ ਦੇ ਕਰਤੱਬ 5:34) ਵੀ ਕਿਹਾ ਜਾਂਦਾ ਸੀ। [2]ਉਹ ਜਾਣਦੇ ਸਨ ਕਿ

ਪ੍ਰਭਾਵਿਤ ਲੋਕਾਂ, ਜਾਨਵਰਾਂ ਜਾਂ ਵਸਤੂਆਂ ਨੂੰ ਛੂਹਣ ਨਾਲ ਕੋੜ੍ਹ ਅਤੇ ਹੋਰ ਰੋਗ ਫੈਲ ਸਕਦੇ ਹਨ; ਅਤੇ ਉਹ ਲੇਵੀਆਂ 13 ਅਧਿਆਇ ਦੇ ਅਲਹਿਦਗੀ ਦੇ ਨਿਯਮਾਂ ਨੂੰ ਜਾਣਦੇ ਸਨ। [3]ਯਰੂਸ਼ਲਮ ਦੇ ਕਿਸੇ ਵੀ ਆਕਾਰ ਦੇ ਪਹਿਲੀ ਸਦੀ ਦੇ ਘਰਾਂ ਵਿਚ ਜਿਨ੍ਹਾਂ ਦੀ ਖੁਦਾਈ ਕੀਤੀ ਗਈ ਹੈ, ਇਕ ਤਲਾਅ ਜਾਂ ਖੂਹ ਦਾ ਹੁੰਦਾ ਹੀ ਸੀ। ਗਲੀਆਂ ਵਿਚ ਦੀ ਬਣੇ ਨਾਲਿਆਂ ਦਾ ਪਾਣੀ ਪਹਿਲਾਂ ਛੱਪੜ ਵਿਚ ਜਾਂਦਾ ਸੀ, ਜਿਹੜਾ ਅੱਗੋਂ ਕਿਸੇ ਹੋਰ ਤਲਾਅ ਨਾਲ ਜੁੜਿਆ ਹੁੰਦਾ ਸੀ ਤਾਂ ਜੋ ਉੱਥੋਂ ਦੇ ਵਸਨੀਕਾਂ ਨੂੰ ''ਚੱਲਦਾ ਪਾਣੀ'' ਮਿਲ ਸਕੇ ਜਿਹੜਾ ''ਗੰਦਾ'' ਜਾਂ ਬਦਬੂਰਦਾਰ ਨਾ ਹੋਵੇ। ''ਸ਼ੁੱਧ'' ਪਾਣੀ ਮੁਹੱਈਆ ਕਰਵਾਉਣ ਲਈ ਇਸ ਨੂੰ ਜ਼ਰੂਰੀ ਮੰਨਿਆ ਜਾਂਦਾ ਸੀ। [4]ਰੋਨਲਡ ਜੇ. ਕਰਨਾਘਨ, *ਮਾਰਕ,* ਦ ਗ੍ਰੇਟ ਨਿਊ ਟੈਸਟਾਮੈਂਟ ਕਮੈਂਟਰੀ ਸੀਰੀਜ਼ (ਡਾਉਨਰਜ਼ ਗ੍ਰੋਵ, ਇਲਿਨੋਇਃ ਇੰਟਰਵਰਸਿਟੀ ਪ੍ਰੈੱਸ, 2007), 135. [5]ਇਤਿਹਾਸਕਾਰ ਜੋਸੇਫ਼ਸ ਇਸ ਗੱਲ ਨਾਲ ਸਹਿਮਤ ਸੀ ਕਿ ਫ਼ਰੀਸੀਆਂ ਨੂੰ ਲੋਕਾਂ ਦੀ ਹਮਾਇਤ ਪ੍ਰਾਪਤ ਸੀ (ਜੋਸੇਫ਼ਸ *ਐਂਟਿਕੁਇਟੀਜ਼* 13.10.6 [298])। ਇਹ ਬਹਿਸ ਹੁੰਦੀ ਰਹਿੰਦੀ ਹੈ ਕਿ ਇਨ੍ਹਾਂ ਨਿਯਮਾਂ ਨੂੰ ਮੂਸਾ ਦੀ ਸ਼ਰ੍ਹਾ ਦੇ ਬਰਾਬਰ ਮੰਨਿਆ ਜਾਂਦਾ ਜਾਂ ਨਹੀਂ, ਪਰ ਇਹ ਸਾਫ਼ ਹੈ ਕਿ ਇਨ੍ਹਾਂ ਨੂੰ ਬਹੁਤ ਅਹਿਮ ਮੰਨਿਆ ਜਾਂਦਾ ਸੀ। [6]ਫ਼ਰੀਸੀਆਂ ਦੀਆਂ ਸਚੇਤ ਭਿੰਨਤਾਵਾਂ ਦੇ ਵੇਰਵਿਆਂ ਲਈ ਵੇਖੋ, ਵਿਲੀਅਮ ਬਾਰਕਲੇ, *ਦ ਗੌਸਪਲ ਆਫ਼ ਮਾਰਕ,* ਜਿਲਦ ਦੂਜੀ, ਦ ਡੇਅਲੀ ਸਟੱਡੀ ਬਾਈਬਲ (ਫ਼ਿਲਾਡੈਲਫ਼ੀਆਃ ਵੈਸਟਮਿੰਸਟਰ ਪ੍ਰੈੱਸ, 1956), 168–69. [7]ਐੱਲ. ਏ ਸਟਾਫ਼ਰ, *ਮਾਰਕ,* ਟਰੁੱਥ ਕਮੈਂਟਰੀਜ਼, ਗਾਰਡਿਅਨ ਆਫ਼ ਟਰੁੱਥ ਫ਼ਾਉਂਡੇਸ਼ਨ (ਬਾਉਲਿੰਗ ਗ੍ਰੀਨ, ਕੈਂਟਕੀਃ ਸਟੈਂਡਰਡ ਪਬਲੀਸ਼ਿੰਗ ਕੰਪਨੀ, 1999), 156. [8]ਡੋਨਲਡ ਇੰਗਲਿਸ਼, *ਦ ਮੈਸੇਜ ਆਫ਼ ਮਾਰਕਃ ਦ ਮਿਸਟਰੀ ਆਫ਼ ਫ਼ੇਥ*, ਦ ਬਾਈਬਲ ਸਪੀਕਸ ਟੁਡੇ (ਡਾਉਨਰਜ਼ ਗ੍ਰੋਵ, ਇਲਿਨੋਇਃ ਇੰਟਰ–ਵਰਸਿਟੀ ਪ੍ਰੈੱਸ, 1992), 142. [9]*ਦ ਜ਼ੌਂਡਰਵਨ ਪਿਕਟੋਰੀਅਲ ਬਾਈਬਲ ਡਿਕਸ਼ਨਰੀ,* ਸੰਪਾ. ਮੈਰਿਲ ਸੀ. ਟੈਨੀ (ਗ੍ਰੈਂਡ ਰੈਪਿਡਸ, ਮਿਸ਼ਿਗਨਃ ਜ਼ੌਂਡਰਵਨ ਪਬਲੀਸ਼ਿੰਗ ਹਾਉਸ, 1963), 647 ਵਿਚ ਲੋਰਮਨ ਐਨ. ਪੀਟਰਸਨ, ''ਫ਼ੈਰੀਸੀਜ਼।'' [10]*ਮਿਸ਼ਨਾ* ਅਤੇ *ਗੇਮਾਰਾ* (*ਮਿਸ਼ਨਾ* 'ਤੇ ਟੀਕਾ) ਯਹੂਦੀ ਤਾਲਮੁਡ ਹਨ। (*ਬੇਕਰ'ਜ਼ ਕੰਸਾਇਜ਼ ਡਿਕਸ਼ਨਰੀ ਆਫ਼ ਰਿਲੀਜਨ,* ਸੰਪਾ. ਡੋਨਲਡ ਟੀ. ਕਾਫ਼ਮੈਨ [ਗ੍ਰੈਂਡ ਰੈਪਿਡਸ, ਮਿਸ਼ਿਗਨਃ ਬੇਕਰ ਬੁਕ ਹਾਉਸ, 1967], 407.)

[11]ਮਿਸ਼ਨਾ *ਐਬਥ* 3.12. [12]ਤਾਲਮੁਡ *ਇਰੁਬਿਨ* 21ਬੀ. [13]ਤਾਲਮੁਡ *ਯੋਮਾ* 77 ਬੀ ਵਿਚ ਸ਼ਿਬਤਾ ਦਾ ਜ਼ਿਕਰ ਨਵਜੰਮੇ ਬੱਚੇ ਨੂੰ ਖਾਣਾ ਖੁਆਉਣ ਤੋਂ ਪਹਿਲਾਂ ਦੋਵੇਂ ਹੱਥ ਧੋਣ ਦੇ ਕਾਰਣ ਦੇ ਤੌਰ ਤੇ ਦਿੱਤਾ ਗਿਆ ਹੈ। [14]ਪੀਟਰਸਨ, 647. [15]ਇਕ ਸਮਾਨਾਂਤਰ ਵਿਰਤਾਂਤ ਮੱਤੀ 15ਃ1–3, 7–9 ਵਿਚ ਹੈ। [16]ਬੇਸ਼ੱਕ, ਆਮ ਹੁਕਮ ਵਿਚ, ਨਾ ਕਿ ਕਿਸੇ ਖ਼ਾਸ ਹੁਕਮ ਵਿਚ, ਸਿਆਣਪ ਵਰਤਣ ਦੀ ਗੁੰਜਾਇਸ਼ ਰਹਿੰਦੀ ਹੈ। ਉਦਾਹਰਣ ਲਈ, ਨੂਹ ਨੂੰ ਗੋਫ਼ਰ ਦੀ ਲੱਕੜ ਦੀ ਬੇੜੀ ਬਨਾਉਣ ਲਈ ਆਖਿਆ ਗਿਆ ਸੀ ਅਤੇ ਉਹਨੂੰ ਦੱਸਿਆ ਗਿਆ ਸੀ ਕਿ ਉਹ ਬੇੜੀ ਕਿੰਨੀ ਲੰਮੀ ਬਨਾਉਣੀ ਹੈ ਪਰ ਇਹ ਨਹੀਂ ਦੱਸਿਆ ਗਿਆ ਸੀ ਕਿ ਤਖ਼ਤੇ ਕਿੰਨੇ ਲੰਮੇ ਰੱਖਣੇ ਹਨ। [17]KJV ਵਿਚ ਇਬਰਾਨੀ ਸ਼ਬਦ חָנֵף (*ਕਾਨੇਫ਼*) ਦਾ ਅਨੁਵਾਦ ''hypocrite'' (ਕਪਟੀ) ਕੀਤਾ ਗਿਆ ਹੈ। ਨਵੇਂ ਨੇਮ ਵਿਚ ਇਹ ਵੇਖਣਾ ਮੁਸ਼ਕਿਲ ਹੈ ਕਿ ਇਹ ਅਰਥ ''hypocrite'' ਦੇ ਸਾਡੇ ਮੌਜੂਦਾ ਵਿਚਾਰ ਵਰਗਾ ਹੀ ਹੈ ਪਰ ਯਿਸੂ ਨੇ ਇਸ ਦੀ ਵਰਤੋਂ ਦੁਸ਼ਟ ਵਿਅਕਤੀ ਦੇ ਅਰਥ ਲਈ ਕੀਤੀ। ਅੰਗ੍ਰੇਜ਼ੀ ਭਾਸ਼ਾ ਵਿਚ ਇਹਨੂੰ ਉਹਦੇ ਲਈ ਵਰਤਿਆ ਜਾਂਦਾ ਹੈ ਜਿਹੜਾ ''ਜਾਣ ਬੁੱਝ ਕੇ ਅਤੇ ਇਹ ਪਤਾ ਹੋਣ ਤੇ ਕਿ ਇਹ ਸਹੀ ਨਹੀਂ ਹੈ, ਚੰਗਾ ਹੋਣ ਦਾ ਵਿਖਾਵਾ ਕਰਨ ਦਾ ਆਦੀ ਹੁੰਦਾ ਹੈ।'' (ਜੇ.ਡੀ. ਡਗਲਸ, ਸੰਪਾ, *ਦ ਨਿਊ ਬਾਈਬਲ ਡਿਕਸ਼ਨਰੀ* [ਗ੍ਰੈਂਡ ਰੈਪਿਡਸ, ਮਿਸ਼ਿਗਨਃ ਵਿਲੀਅਮ ਬੀ. ਈਰਡਮੈਂਜ਼ ਪਬਲੀਸ਼ਿੰਗ ਕੰਪਨੀ, 1975], 549) ਵਿਚ ਐੱਚ. ਐੱਲ. ਐਲਿਸਨ, ''Hypocrite'' (*ਹਿਪੋਕ੍ਰਾਈਟ*)। ਵਿਲੀਅਮ ਬਾਰਕਲੇ ਨੇ ਇਸ ਸ਼ਬਦ ਦੇ ਵਧਣ ਦਾ ਵਰਣਨ ਇਸ ਤਰ੍ਹਾਂ ਕੀਤਾ ਹੈਃ ''ਇਸ ਦੀ ਸ਼ੁਰੂਆਤ ਸਿਰਫ਼ *ਜਵਾਬ ਦੇਣ ਵਾਲਾ* ਦੇ ਅਰਥ ਨਾਲ ਹੁੰਦੀ ਹੈ; ਇਹਦਾ ਅਰਥ ਠਹਿਰਾਈ ਹੋਈ ਗੱਲਬਾਤ ਜਾਂ ਵਾਰਤਾਲਾਪ ਵਿਚ ਜਵਾਬ ਦੇਣ ਵਾਲੇ ਲਈ, ਭਾਵ *ਕਲਾਕਾਰ* ਲਈ ਹੋ ਜਾਂਦਾ ਹੈ; ਅਤੇ ਅਖ਼ੀਰ ਇਸ ਦਾ ਅਰਥ, ਮੰਚ ਉੱਤੇ ਕਲਾਕਾਰ ਲਈ ਹੀ ਨਹੀਂ ਬਲਕਿ

ਉਹਦੇ ਲਈ ਹੋ ਜਾਂਦਾ ਹੈ *ਜਿਹਦੀ ਪੂਰੀ ਜ਼ਿੰਦਗੀ ਬਿਨਾਂ ਕਿਸੇ ਸੰਜੀਦਗੀ ਦੇ ਨਾਟਕ ਹੀ ਹੈ''* (ਬਾਰਕਲੇ, 170)। [18]ਜੌਨ ਮੈਕਲਿੰਟੌਕ ਐਂਡ ਜੇਮਸ ਸਟ੍ਰੌਂਗ, *ਸਾਈਕਲੋਪੀਡੀਆ ਆਫ਼ ਬਿਬਲਿਕਲ, ਥਿਓਲੋਜਿਕਲ ਐਂਡ ਇਕਲੇਸਿਅਸਟਿਕਲ ਲਿਟ੍ਰੇਚਰ* (ਨਿਊ ਯਾਰਕ: ਹਾਰਪਰ ਐਂਡ ਬ੍ਰਦਰਜ਼, 1896), 1:326 ਵਿਚ ''ਅਕੁਇੱਲਾ।'' ਅਕੁਇੱਲਾ ਦੀ ਪੁਸਤਕ ਵਿਚ ਸਾਡੇ ਆਧੁਨਿਕ ਅਰਥ ਨਾਲ ''hypocrite''(ਕਪਟੀ) ਦੀ ਵਰਤੋਂ ਪਹਿਲੀ ਵਾਰ ਹੋਈ। ਉਸ ਸਮੇਂ ਤੋਂ ਪਹਿਲਾਂ ਇਹਦਾ ਮਤਲਬ ਸਿਰਫ ''ਦੁਸ਼ਟ ਵਿਅਕਤੀ'' ਸੀ। ਅੱਯੂਬ 34:30 ਵਿਚ ਪੁਰਾਣੇ ਨੇਮ ਵਿਚ ਇਹਦੇ ਨਾਲ ਮੇਲ ਖਾਂਦੇ ਸ਼ਬਦ ਦਾ ਅਨੁਵਾਦ ''ਅਧਰਮੀ'' ਹੋਇਆ ਹੈ (KJV; ASV). [19]ਵਿਲੀਅਮ ਬਾਰਕਲੇ, *ਏ ਨਿਊ ਟੈਸਟਾਮੈਂਟ ਵਰਡਬੁਕ* (ਨਿਊ ਯਾਰਕ: ਹਾਰਪਰ ਐਂਡ ਰੋਅ, ਮਿਤੀ ਨਹੀਂ), 57. [20]ਉੱਥੇ ਹੀ, 58.

[21]ਵਿਲੀਅਮ ਹੈਂਡ੍ਰਿਕਸਨ, *ਐਕਸਪੋਜ਼ਿਸ਼ਨ ਆਫ਼ ਦ ਗੌਸਪਲ ਅਕਾਰਡਿੰਗ ਟੂ ਮਾਰਕ,* ਨਿਊ ਟੈਸਟਾਮੈਂਟ ਕਮੈਂਟਰੀ (ਗ੍ਰੈਂਡ ਰੈਪਿਡਸ, ਮਿਸ਼ਿਗਨ: ਬੇਕਰ ਬੁਕ ਹਾਉਸ, 1975), 275. [22]ਸਪਤਤੀ (*ਸੈਪਟੁਆਜਿੰਟ*) ਇਬਰਾਨੀ ਬਾਈਬਲ ਦੇ ਯੂਨਾਨੀ ਅਨੁਵਾਦ ਨੂੰ ਕਿਹਾ ਜਾਂਦਾ ਹੈ। ਆਮ ਤੌਰ ਤੇ ਇਸ ਨੂੰ ''LXX'' ਲਿਖਿਆ ਜਾਂਦਾ ਹੈ ਜਿਸਦਾ ਅਰਥ ''ਸੱਤਰ'' ਹੁੰਦਾ ਹੈ ਕਿਉਂ ਜੋ ਇਹਨੂੰ 250 ਈ.ਪੂ. ਦੇ ਨੇੜੇ ਤੇੜੇ ਸਿਕੰਦਰੀਆ ਵਿਚ ਤਕਰੀਬਨ ਸੱਤਰ ਵਿਦਵਾਨਾਂ ਵੱਲੋਂ ਤਿਆਰ ਕੀਤਾ ਗਿਆ ਸੀ। [23]ਯਿਸੂ ਜਾਂ ਰਸੂਲਾਂ ਨੇ ਜਦੋਂ ਵੀ ਪੁਰਾਣੇ ਨੇਮ ਵਿੱਚੋਂ ਦੁਹਰਾਇਆ, ਭਾਵੇਂ ਉਹਨੂੰ ਇਬਰਾਨੀ ਸਬਦਾਂ ਵਿਚ ਬਦਲਿਆ ਗਿਆ ਹੋਵੇ, ਉਹ ਮੇਲ ਖਾਂਦੀ ਇਬਰਾਨੀ ਲਿਖਤ ਦੀ ਖ਼ੁਦਾ ਵੱਲੋਂ ਮੰਜ਼ੂਰ ਵਿਆਖਿਆ ਦੇ ਰਹੇ ਹੁੰਦੇ ਸਨ। [24]ਮਿਸ਼ਨਾ *ਸੈਨਹੇਡ੍ਰਿਨ* 11.3. [25]ਬਾਰਕਲੇ, *ਮਾਰਕ,* 171. [26]ਇਕ ਸਮਾਨਾਂਤਰ ਵਿਰਤਾਂਤ ਮੱਤੀ 15:3–6 ਵਿਚ ਹੈ। [27]ਜੇ. ਡਬਲਯੂ. ਮੈਕਗਰਵੇ ਨੇ ਇਹ ਟਿੱਪਣੀ ਕੀਤੀ ਹੈ ਕਿ ਇਹ ''ਮੁਕਤੀਦਾਤੇ ਦੇ ਸੰਬੋਧਨਾਂ ਵਿਚ ਵਿਅੰਗ ਦੀਆਂ ਕੁਝ ਉਦਾਹਰਣਾਂ ਵਿੱਚੋਂ ਇਕ ਹੈ'' (ਜੇ. ਡਬਲਯੂ. ਮੈਕਗਰਵੇ, *ਦ ਨਿਊ ਟੈਸਟਾਮੈਂਟ ਕਮੈਂਟਰੀ,* ਜਿਲਦ 1, ਮੈਥਿਊ ਐਂਡ ਮਾਰਕ (ਡੇਸ ਮੋਇਨਜ: ਯੂਜੀਨ ਐੱਸ. ਸਮਿੱਥ, 1875), 307)। [28]ਹੈਂਡ੍ਰਿਕਸਨ, 277. [29]ਵੇਖੋ ਕੂਚ 20:12; 21:17; ਬਿਵਸਥਾ ਸਾਰ 5:16; ਮੱਤੀ 19:19; ਮਰਕੁਸ 10:19; ਲੂਕਾ 18:20; ਅਫ਼ਸੀਆਂ 6:2; ਅਤੇ ਮੱਤੀ 15:4 ਵਿੱਚ ਸਮਾਨਾਂਤਰ ਵਿਰਤਾਂਤ। [30]ਬਾਰਕਲੇ, *ਮਾਰਕ,* 172.

[31]ਉੱਥੇ ਹੀ, 173. [32]ਕਿਸੇ ਨੂੰ ਲੱਗੇਗਾ ਕਿ ਫ਼ਰੀਸੀ ਇਹੋ ਜਿਹੇ ਮਾਮਲਿਆਂ ਵਿਚ ਰਾਜ਼ਦਾਰੀ ਦੀ ਸਹੁੰ ਨਾਲ ਬੱਧੇ ਸਨ, ਪਰ ਖ਼ੁਦਾ ਉਨ੍ਹਾਂ ਦੇ ਮਨ ਦੇ ਵਿਚਾਰਾਂ ਨੂੰ ਜਾਣਦਾ ਸੀ। [33]7:13 ਦੇ ਅਖ਼ੀਰ ਵਿਚ ''ਹੋਰ ਬਥੇਰੇ ਇਹੋ ਜਿਹੇ ਕੰਮ ਤੁਸੀਂ ਕਰਦੇ ਹੋ'' ਦਾ ਇਜ਼ਹਾਰ ਬਹੁਤ ਸਾਰੀਆਂ ਬਿਹਤਰੀਨ ਹੱਥਲਿਖਤਾਂ ਵਿਚ ਨਹੀਂ ਹੈ, ਇਸ ਕਰਕੇ ਅੰਗ੍ਰੇਜ਼ੀ ਅਨੁਵਾਦ NIV ਵਿੱਚੋਂ ਇਸ ਨੂੰ ਕੱਢ ਦਿੱਤਾ ਗਿਆ ਹੈ, ਪਰ NASB, ESV, ਅਤੇ NRSV ਵਿਚ ਇਸ ਨੂੰ ਰਹਿਣ ਦਿੱਤਾ ਗਿਆ ਹੈ। [34]ਯਿਸੂ ਸਭ ਦੇ ਮਨਾਂ ਨੂੰ ਜਾਣਦਾ ਸੀ, ਇਸ ਕਰਕੇ ਉਹ ਉਨ੍ਹਾਂ ਦੇ ਮਨਾਂ ਦੇ ਵਿਚਾਰਾਂ ਅਤੇ ਇਰਾਦਿਆਂ ਦੀ ਸਿੱਧੇ ਗੱਲ ਕਰ ਸਕਦਾ ਸੀ। [35]ਇਕ ਸਮਾਨਾਂਤਰ ਵਿਰਤਾਂਤ ਮੱਤੀ 15:10, 11 ਵਿਚ ਹੈ। [36]ਵਾਰੇਨ ਡਬਲਯੂ. ਵਿਅਰਸਬੇ, *ਦ ਵਿਅਰਸਬੇ ਬਾਈਬਲ ਕਮੈਂਟਰੀ, ਨਿਊ ਟੈਸਟਾਮੈਂਟ* (ਕੋਲੋਰਾਡੋ ਸਪ੍ਰਿੰਗਜ਼, ਕੋਲੋਰਾਡੋ: ਡੇਵਿਡ ਸੀ. ਕੁਕ, 2007), 110 ਤੋਂ ਲਿਆ ਗਿਆ ਹੈ। [37]ਬਾਰਕਲੇ, *ਮਾਰਕ,* 175. ਇਹ ਘਟਨਾਵਾਂ 165 ਈ. ਪੂ. ਦੇ ਨੇੜੇ–ਤੇੜੇ ਵਾਪਰੀਆਂ (ਵੇਖੋ 1 ਮੱਕਾਬੀਆਂ 1:62, 63)। ਜਿੱਥੇ 1 ਮੱਕਾਬੀਆਂ ਦੋਹਾਂ ਨੇਮਾਂ ਦੇ ਵਿਚਕਾਰ ਕੁ ਦੇ ਸਮੇਂ ਦਾ ਸਹੀ ਭਰੋਸੇਯੋਗ ਇਤਿਹਾਸ ਹੈ, ਉੱਥੇ ਹਾ 2 ਮੱਕਾਬੀਆਂ ਓਨਾਂ ਭਰੋਸੇਯੋਗ ਨਹੀਂ ਹੈ। [38]ਜੇ. ਡੀ. ਡਗਲਸ, ਸੰਪਾ, *ਦ ਨਿਊ ਬਾਈਬਲ ਡਿਕਸ਼ਨਰੀ* (ਗ੍ਰੈਂਡ ਰੈਪਿਡਸ ਮਿਸ਼ਿਗਨ, ਵਿਲੀਅਮ ਬੀ. ਈਰਡਮੈਂਜ਼ ਪਬਲੀਸ਼ਿੰਗ ਕੰ., 1962), 42 ਵਿਚ ਡੀ. ਐੱਚ. ਵ੍ਹੀਟਨ, ''ਐਂਟਿਓਕਸ।'' [39]ਆਇਤ 16 ਸੰਭਵ ਤੌਰ ਤੇ ਮੱਤੀ 11:15 ਤੋਂ ਲਈ ਗਈ ਹੈ। ਇਹ ਗੱਲ ਅੱਤ ਪ੍ਰਾਚੀਨ ਹੱਥ ਲਿਖਤਾਂ ਵਿਚ ਜਾਂ ਅੱਤ ਆਧੁਨਿਕ ਸੰਸਕਰਣਾਂ ਵਿਚ ਇੱਥੇ ਨਹੀਂ ਮਿਲਦੀ। [40]ਇਕ ਸਮਾਨਾਂਤਰ ਵਿਰਤਾਂਤ ਮੱਤੀ 15:15–20 ਵਿਚ ਹੈ।

[41]ਕਰਨਾਘਨ, 137. [42]ਨਵੇਂ ਨੇਮ ਵਿਚ παραβολή (*ਪੈਰਾਬੋਲ*) ਸ਼ਬਦ ਦੇ ਕਈ ਅਰਥ ਹਨ।

ਇਸ ਦ੍ਰਿਸ਼ਟਾਂਤ ਤੋਂ ਭਾਵੇਂ ਵੱਡੀ ਸਚਿਆਈ ਪਤਾ ਲਗ ਸਕਦੀ ਹੈ ਪਰ ਇਸ ਸ਼ਬਦ ਦੀ ਵਰਤੋਂ ਕਿਸੇ ਹੋਰ ਥਾਂ ਕਿਸੇ ਭੇਤ ਲਈ ਕੀਤੀ ਗਈ ਹੋ ਸਕਦੀ ਹੈ। ''ਦ੍ਰਿਸ਼ਟਾਂਤ'' ਦਾ ਬੁਨਿਆਦੀ ਕੰਮ ਮਿਲਾਉਣ ਲਈ ਇਕ ਵਿਚਾਰ ਨੂੰ ਦੂਜੇ ਦੇ ਕੋਲ ਰੱਖਣਾ ਹੈ। [43]ਕਰਨਾਘਨ, 152. [44]ਪਹਿਲੀ ਸਦੀ ਈਸਵੀ ਦੇ ਵਿਚਕਾਰ ਦੇ ਸਮੇਂ ਨੂੰ ਛੱਡ ਕੇ ਜਦੋਂ ਕਲੌਦਿਉਸ ਨੇ ਉਨ੍ਹਾਂ ਨੂੰ ਰੋਮ ਵਿੱਚੋਂ ਕੱਢ ਦਿੱਤਾ, ਤਾਂ ਬਹੁਤ ਸਾਰੇ ਯਹੂਦੀ ਰੋਮ ਵਿਚ ਹੀ ਰਹਿੰਦੇ ਸਨ (ਵੇਖੋ ਕਰਤੱਬ 18:2)। [45]ਪਰ ਇੱਥੇ ਯਿਸੂ ਇਹ ਸਮਝਾ ਰਿਹਾ ਸੀ ਕਿ ''ਲਾਲਚ'' ਉਨ੍ਹਾਂ ਵਿਹਾਰਾਂ ਵਿੱਚੋਂ ਇਕ ਹੈ ਜਿਹੜੇ ਵਿਅਕਤੀ ਨੂੰ ਦੂਸ਼ਿਤ ਕਰ ਦਿੰਦੇ ਹਨ। ਸੱਬਤ ਨੂੰ ਮਨਾਏ ਜਾਣ ਨੂੰ ਛੱਡ ਕੇ ਦਸ ਹੁਕਮਾਂ ਦੇ ਸਾਰੇ ਨਿਯਮ, ਨਵੇਂ ਨੇਮ ਵਿਚ ਵੀ ਦਿੱਤੇ ਗਏ ਹਨ। [46]ਇੰਗਲਿਸ਼, 146. [47]ਐਲਨ ਬਲੈਕ, *ਮਾਰਕ,* ਦ ਕਾਲਜ ਪ੍ਰੈੱਸ, NIV ਕਮੈਂਟਰੀ (ਜੋਪਲਿਨ, ਮਿਜ਼ੋਰੀ: ਕਾਲਜ ਪ੍ਰੈੱਸ ਪਬਲੀਸ਼ਿੰਗ, ਕੰਮ. 1955), 134. [48]ਜੋਸੇਫ਼ਸ ਹੈਨਰੀ ਥੇਅਰ, *ਏ ਗ੍ਰੀਕ ਇੰਗਲਿਸ਼ ਲੈਕਸਿਕਨ ਆਫ਼ ਦ ਨਿਊ ਟੈਸਟਾਮੈਂਟ* (ਗ੍ਰੈਂਡ ਰੈਪਿਡਸ, ਮਿਸ਼ਿਗਨ: ਜ਼ੌਂਡਰਵਨ ਪਬਲੀਸ਼ਿੰਗ ਹਾਉਸ, 1962), 532. [49]ਬਾਰਕਲੇ, *ਮਾਰਕ,* 176. [50]ਅਣਵਿਆਹੀ ਔਰਤ ਨਾਲ ਨਜਾਇਜ਼ ਸਬੰਧ ''ਜ਼ਨਾਹਕਾਰੀ'' ਵਿਚ ਆਉਂਦੇ ਹਨ।

[51]ਥੇਅਰ, 79. [52]ਬਾਰਕਲੇ, *ਵਰਡਬੁਕ,* 26. [53]ਹੈਂਡ੍ਰਿਕਸਨ, 288. [54]ਇੰਗਲਿਸ਼, 144. [55]ਇਕ ਸਮਾਨਾਂਤਰ ਵਿਰਤਾਂਤ ਮੱਤੀ 15:21 ਵਿਚ ਹੈ। [56]ਇਕ ਸਮਾਨਾਂਤਰ ਵਿਰਤਾਂਤ ਮੱਤੀ 15:22–28 ਵਿਚ ਹੈ। [57]ਬਹੁਤ ਸਾਰੀਆਂ ਨਬੂਵਤਾਂ ਵਿਚ ਸੰਕੇਤ ਸੀ ਕਿ ਗੈਰਕੌਮਾਂ ਨੂੰ ਵੀ ਰਲਾਇਆ ਜਾਣਾ ਸੀ। ਉਦਾਹਰਣ ਲਈ ਵੇਖੋ ਉਤਪਤ 22:18; ਯਸਾਯਾਹ 11:10; 60:3; 65:1; ਹੋਸ਼ੇਆ, 2:23; ਮੀਕਾ 4:1–4. [58]ਪਰ ਆਪਣੀ ਸੇਵਕਾਈ ਦੌਰਾਨ ਯਿਸੂ ਨੇ ਸੂਬੇਦਾਰ, ਜਿਸਦਾ ਸੇਵਕ ਬਿਮਾਰ ਹੋ ਗਿਆ ਸੀ (ਮੱਤੀ 8:5–13; ਲੂਕਾ 7:1–10) ਅਤੇ ਭੂਤ ਚੰਬੜੇ ਆਦਮੀ ਸਣੇ ਜਿਹੜਾ ਕਬਰਾਂ ਵਿਚ ਰਹਿੰਦਾ ਸੀ (ਮਰਕੁਸ 5:1–20) ਗੈਰਕੌਮਾਂ ਦੀ ਮਦਦ ਕੀਤੀ। ਲੂਕਾ 10:30–37 ਵਿਚ ਨੇਕ ਸਾਮਰੀ ਦਾ ਯਿਸੂ ਦਾ ਦ੍ਰਿਸ਼ਟਾਂਤ ਉਸ ਤਰਕ ਨੂੰ ਵਿਖਾਉਂਦਾ ਹੈ ਜਿਹੜਾ ਤੁੱਛ ਜਾਣੀ ਜਾਣ ਵਾਲੀ ਕੌਮ ਦੇ ਲੋਕਾਂ ਉੱਤੇ ਉਸ ਦਾ ਸੀ। [59]ਕਈਆਂ ਨੇ ਸੁਝਾਅ ਦਿੱਤਾ ਹੈ ਕਿ ਯਿਸੂ ਨੇ ਉਸ ਨੂੰ ਹਿੰਮਤ ਦੇਣ ਲਈ ਮੁਸਕਰਾਉਂਦੇ ਹੋਏ ਇਹ ਸਭ ਗੱਲਾਂ ਕੀਤੀਆਂ। [60]*ਦ ਚਰਚ ਸਟੈਂਡਰਡ* 80 (ਫ਼ਰਵਰੀ 13, 1901): 575 ਵਿਚ ਦਰਜ ਐੱਫ਼. ਓ. ਓਸਬੋਰਨ, ਐਡਰਸ ਟੂ ਦ ਐਨੁਅਲ ਕਾਨਫ਼ਰੰਸ ਆਫ਼ ਚਰਚ ਕਲੱਬਜ਼।

[61]ਵੇਖੋ 9:14–29. [62]ਇਕੱਲਾ ਮਰਕੁਸ ਇਸ ਚੰਗਿਆਈ ਬਾਰੇ ਦੱਸਦਾ ਹੈ। ਵੇਖੋ ਮੱਤੀ 15:29–31. [63]ਵਿਅਰਸਬੇ, 373. [64]ਇਹ ਇਸ ਦਾ ਇਕ ਹੋਰ ਸੰਕੇਤ ਲਗਦਾ ਹੈ ਕਿ ਯਿਸੂ ਉਨ੍ਹਾਂ ਦੀਆਂ ਕਮਜ਼ੋਰੀਆਂ ਦੇ ਬਾਵਜੂਦ ਸਭ ਦੀ ਮੁਸ਼ਕਿਲ ਨੂੰ ਸਮਝਦਾ ਸੀ। [65]ਬਾਰਕਲੇ, *ਮਾਰਕ* 184. ਇਕ ਪੁਰਾਣਾ ਵਿਚਾਰ ਹੈ ਕਿ ਆਦਮੀ ਦੇ ਥੁੱਕ ਨਾਲੋਂ ਕੁੱਤੇ ਦੇ ਥੁੱਕ ਵਿਚ ਠੀਕ ਕਰਨ ਦੀ ਵੱਧ ਸ਼ਕਤੀ ਹੁੰਦੀ ਹੈ। ਜੇ ਇਹ ਸੱਚ ਹੈ ਤਾਂ ਲੂਕਾ 16:19–21 ਵਿਚ ਲਾਜ਼ਰ ਦੇ ਜ਼ਖ਼ਮਾਂ ਨੂੰ ਕੁੱਤਿਆਂ ਦੇ ਚੱਟਣ ਨਾਲ ਸਚੁਮਚ ਕੁਝ ਮਦਦ ਮਿਲਦੀ ਹੋਵੇਗੀ। [66]ਵਿਅਰਸਬੇ, 111. [67]ਉਤਪਤ 1:31 ਵਿਚ ਖ਼ੁਦਾ ਦੇ ਕੰਮਾਂ ਨੂੰ ''ਚੰਗਾ'' ਕਿਹਾ ਗਿਆ ਹੈ। ਸਾਡਾ ਖ਼ੁਦਾ ਸਚਮੁਚ, ਜਿੱਥੋਂ ਤਕ ਹੋ ਸਕੇ ਸਾਡੇ ਲਈ ਵਧੀਆ ਹੀ ਕਰਦਾ ਹੈ।